6-APRIL-PAGE-1.qxd 4/5/2025 10:53 PM Page 1

ਐਤਵਾਰ, 6 ਅਪ੍ਰੈਲ, 2025
24 ਚੇਤ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 305

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 6 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

ਵਕਫ਼ ਬੋਰਡ ਤੋਂ ਬਾਅਦ ਚਰਚਾਂ ਦੀ ਵਾਰੀ

ਨਵੀਂ ਦਿੱਲੀ : ਸੰਸਦ ਵਿੱਚ ਵਕਫ ਸੋਧ ਬਿੱਲ ਪਾਸ ਹੋਣ ਦੇ ਬਾਅਦ ਰਾਹੁਲ ਗਾਂਧੀ ਨੇ ਖਬਰਦਾਰ ਕੀਤਾ ਹੈ ਕਿ ਆਰ ਐੱਸ ਐੱਸ ਦਾ ਅਗਲਾ ਨਿਸ਼ਾਨਾ ਈਸਾਈ ਭਾਈਚਾਰਾ ਹੋ ਸਕਦਾ ਹੈ। ਉਨ੍ਹਾ ਆਰ ਐੱਸ ਐੱਸ ਦੇ ਅੰਗਰੇਜ਼ੀ ਤਰਜਮਾਨ 'ਦੀ ਆਰਗੇਨਾਈਜ਼ਰ' ਦੀ ਵੈੱਬਸਾਈਟ ਵਿੱਚ ਛਪੇ ਇੱਕ ਲੇਖ ਦਾ ਜ਼ਿਕਰ ਕੀਤਾ ਹੈ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਕੈਥੋਲਿਕ ਚਰਚ ਕੋਲ ਦੇਸ਼ ਵਿੱਚ ਸਭ ਤੋਂ ਵੱਧ ਜ਼ਮੀਨ ਹੈ। ਲੇਖ ਮੁਤਾਬਕ ਕੈਥੋਲਿਕ ਅਦਾਰਿਆਂ ਕੋਲ 7 ਕਰੋੜ ਹੈਕਟੇਅਰ ਜ਼ਮੀਨ ਹੈ।

ਰਾਹੁਲ ਨੇ ਕਿਹਾ ਹੈ ਕਿ ਵਕਫ ਬਿੱਲ ਅਜੇ ਮੁਸਲਮਾਨਾਂ 'ਤੇ ਹਮਲਾ ਕਰਦਾ ਹੈ, ਪਰ ਭਵਿੱਖ ਵਿੱਚ ਹੋਰਨਾਂ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਮਿਸਾਲ ਕਾਇਮ ਕਰਦਾ ਹੈ।

ਮੋਦੀ ਸਰਕਾਰ ਦਾ ਧਿਆਨ ਕੈਥੋਲਿਕ ਚਰਚ ਦੀ ਜ਼ਮੀਨ ਵੱਲ ਦਿਵਾਉਂਦਿਆਂ 'ਭਾਰਤ ਵਿੱਚ ਕਿਸ ਕੋਲ ਸਭ ਤੋਂ ਵੱਧ ਜ਼ਮੀਨ? ਕੈਥੋਲਿਕ ਚਰਚ ਬਨਾਮ ਵਕਫ ਬੋਰਡ ਬਹਿਸ' ਸਿਰਲੇਖ ਵਾਲੇ ਲੇਖ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੈਥੋਲਿਕ ਅਦਾਰਿਆਂ ਕੋਲ ਸਭ ਤੋਂ ਵੱਧ 7 ਕਰੋੜ ਹੈਕਟੇਅਰ ਜ਼ਮੀਨ ਹੈ ਤੇ ਉਹ ਸਭ ਤੋਂ ਵੱਡੇ ਗੈਰ-ਸਰਕਾਰੀ ਜ਼ਮੀਨ ਮਾਲਕ ਹਨ।

ਸਸ਼ਾਂਕ ਕੁਮਾਰ ਦਿਵੇਦੀ ਵੱਲੋਂ ਲਿਖੇ ਗਏ ਲੇਖ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੀ ਜ਼ਮੀਨ ਦੀ ਜਾਣਕਾਰੀ ਦਿੰਦੀ ਵੈੱਬਸਾਈਟ ਮੁਤਾਬਕ ਫਰਵਰੀ 2021 ਵਿੱਚ ਭਾਰਤ ਸਰਕਾਰ ਕੋਲ ਅੰਦਾਜ਼ਨ 15531 ਵਰਗ ਕਿਲੋਮੀਟਰ ਜ਼ਮੀਨ ਸੀ, ਜਦਕਿ ਵਕਫ ਬੋਰਡ ਕੋਲ ਵੱਖ-ਵੱਖ ਰਾਜਾਂ ਵਿੱਚ ਕਾਫੀ ਜ਼ਮੀਨ ਹੈ, ਪਰ ਇਹ ਭਾਰਤ 'ਚ ਕੈਥੋਲਿਕ ਚਰਚ ਦੀ ਮਾਲਕੀ ਵਾਲੀ ਜ਼ਮੀਨ ਨਾਲੋਂ ਵੱਧ ਨਹੀਂ। ਰਿਪੋਰਟਾਂ ਦੱਸਦੀਆਂ ਹਨ ਕਿ ਕੈਥੋਲਿਕ ਚਰਚਾਂ ਕੋਲ ਕਰੀਬ 7 ਕਰੋੜ ਹੈਕਟੇਅਰ (17.29 ਕਰੋੜ ਏਕੜ) ਜ਼ਮੀਨ ਹੈ। ਇਸ ਦੀ ਕੀਮਤ ਕਰੀਬ 20 ਹਜ਼ਾਰ ਕਰੋੜ ਰੁਪਏ ਬਣਦੀ ਹੈ, ਜਿਹੜੀ ਚਰਚ ਨੂੰ ਵੱਡਾ ਰੀਅਲ ਅਸਟੇਟ ਮਾਲਕ ਬਣਾਉਂਦੀ ਹੈ।

ਆਰ ਐੱਸ ਐੱਸ ਤੇ ਭਾਜਪਾ ਈਸਾਈ ਮਿਸ਼ਨਰੀਆਂ 'ਤੇ ਧਰਮ ਪਰਿਵਰਤਨ ਦਾ ਦੋਸ਼ ਲਾਉਂਦੇ ਆਏ ਹਨ, ਪਰ ਪਿੱਛੇ ਜਿਹੇ ਤੋਂ ਉੱਤਰ-ਪੂਰਬੀ ਰਾਜਾਂ, ਕੇਰਲਾ ਤੇ ਗੋਆ ਵਿੱਚ ਈਸਾਈਆਂ ਦੀਆਂ ਵੋਟਾਂ ਲੈਣ ਖਾਤਰ ਇਸ ਮੁੱਦੇ ਨੂੰ ਪਾਸੇ ਰੱਖਦੇ ਆਏ ਹਨ। ਲੇਖ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਕੈਥੋਲਿਕ ਅਦਾਰਿਆਂ ਕੋਲ ਜ਼ਿਆਦਾਤਰ ਜ਼ਮੀਨ ਬ੍ਰਿਟਿਸ਼ ਸ਼ਾਸਨ ਦੌਰਾਨ ਭਾਰਤੀ ਚਰਚ ਕਾਨੂੰਨ 1927 ਦੇ ਤਹਿਤ ਐਕਆਇਰ ਕੀਤੀ ਗਈ ਹੈ। ਇਸ ਵਿੱਚ 1965 ਦੇ ਸਰਕਾਰੀ ਆਦੇਸ਼ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਬਸਤੀਵਾਦੀ ਕਾਲ ਦੌਰਾਨ ਪਟੇ 'ਤੇ ਦਿੱਤੀ ਗਈ ਜ਼ਮੀਨ ਨੂੰ ਹੁਣ ਚਰਚ ਦੀ ਸੰਪਤੀ ਨਹੀਂ ਮੰਨਿਆ ਜਾਵੇਗਾ। ਲੇਖ ਮੁਤਾਬਕ ਇਹ ਜ਼ਮੀਨਾਂ ਵਾਪਸ ਲੈਣ ਲਈ 1965 ਦੇ ਆਦੇਸ਼ ਨੂੰ ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ।

ਸਿਫਤ ਕੌਰ ਨੇ ਸੋਨ ਤਮਗਾ ਜਿੱਤਿਆ

ਨਵੀਂ ਦਿੱਲੀ : ਭਾਰਤੀ ਨਿਸ਼ਾਨੇਬਾਜ਼ ਸਿਫਤ ਕੌਰ ਸਮਰਾ ਨੇ ਅਰਜਨਟੀਨਾ ਦੇ ਬਿਊਨਸ ਆਇਰਸ ਵਿੱਚ ਮਹਿਲਾ 50 ਮੀਟਰ ਰਾਈਫਲ 3 ਪੁਜ਼ੀਸ਼ਨ (3-ਪੀ) ਫਾਈਨਲ 'ਚ ਆਪਣਾ ਪਹਿਲਾ ਵਿਅਕਤੀਗਤ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਸੋਨ ਤਮਗਾ ਜਿੱਤਿਆ। ਫਰੀਦਕੋਟ ਦੀ 23 ਸਾਲਾ ਖਿਡਾਰਨ ਨੇ ਸ਼ੁੱਕਰਵਾਰ ਦੇਰ ਰਾਤ ਟੀਰੋ ਫੈਡਰਲ ਅਰਜਨਟੀਨੋ ਡੀ ਬਿਊਨਸ ਆਇਰਸ ਸ਼ੂਟਿੰਗ ਰੇਂਜ ਵਿੱਚ ਭਾਰਤ ਨੂੰ ਸੀਜ਼ਨ-ਓਪਨਿੰਗ ਵਿਸ਼ਵ ਕੱਪ ਸਟੇਜ ਈਵੈਂਟ ਦਾ ਪਹਿਲਾ ਸੋਨ ਤਮਗਾ ਦਿਵਾਇਆ।

ਸਿਫਤ ਨੇ 45-ਸ਼ਾਟ ਫਾਈਨਲ ਦੇ ਅੰਤ ਵਿੱਚ 458.6 ਅੰਕਾਂ ਨਾਲ ਸਮਾਪਤੀ ਕੀਤੀ, ਜਦੋਂ ਕਿ ਮੈਂਗੋਲਡ 455.3 ਦੇ ਨਾਲ 3.3 ਅੰਕ ਪਿੱਛੇ ਰਹੀ। ਮੁਕਾਬਲੇ ਦੇ ਪਹਿਲੇ ਦਿਨ ਪਹਿਲੇ ਫਾਈਨਲ ਵਿੱਚ ਤਮਗੇ ਜਿੱਤਣ ਤੋਂ ਖੁੰਝਣ ਤੋਂ ਬਾਅਦ ਭਾਰਤ ਨੇ ਦੂਜੇ ਦਿਨ ਇੱਕ ਸੋਨ ਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ।

ਪਿੰਡਾਂ ਦੀਆਂ ਇੱਕ ਹਜ਼ਾਰ ਕਿਲੋਮੀਟਰ ਸੜਕਾਂ ਦੀ ਦਸ਼ਾ ਸੁਧਰੇਗੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਨਿੱਚਰਵਾਰ ਕਿਹਾ ਕਿ ਪੰਜਾਬ ਸਰਕਾਰ ਨੇ ਪੇਂਡੂ ਖੇਤਰ ਦੀਆਂ ਸੜਕਾਂ ਨੂੰ ਮਜ਼ਬੂਤ ਕਰਨ ਲਈ ਵਿੱਤੀ ਵਰ੍ਹੇ 2025-26 ਵਿੱਚ 18,944 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਜਾਂ ਅਪਗ੍ਰੇਡ ਕਰਨ ਦਾ ਟੀਚਾ ਮਿਥਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਕੁਝ ਦਿਨਾਂ ਵਿੱਚ 'ਬਦਲਦਾ ਪੰਜਾਬ' ਬਜਟ ਵਿੱਚ ਉਲੀਕੀਆਂ ਰਣਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮੁਹਿੰਮ ਤਹਿਤ ਪਹਿਲੇ ਪੜਾਅ ਵਿੱਚ ਪੇਂਡੂ ਖੇਤਰ ਦੀਆਂ 1000 ਕਿਲੋਮੀਟਰ ਲੰਮੀਆਂ ਸੜਕਾਂ ਨੂੰ ਮਜ਼ਬੂਤ ਕਰਨ ਲਈ ਟੈਂਡਰ ਜਾਰੀ ਕੀਤੇ ਹਨ।

ਗੁਰਦਾਸਪੁਰੀਆ ਪਾਦਰੀ ਮੁੜ ਚਰਚਾ 'ਚ

ਪੀੜਤਾਂ ਵੱਲੋਂ ਦਿਖਾਈ ਗਈ ਪਾਦਰੀ ਦੀ ਤਸਵੀਰ।

ਚੰਡੀਗੜ੍ਹ : ਗੁਰਦਾਸਪੁਰ ਜ਼ਿਲ੍ਹੇ ਦੇ ਖੁਦਸਾਖਤਾ ਪਾਦਰੀ ਜਸ਼ਨ ਗਿੱਲ 'ਤੇ 22 ਸਾਲਾ ਕੁੜੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਲਾਏ ਗਏ ਹਨ। ਕੁੜੀ ਦੇ ਪਿਤਾ ਦਾ ਦੋਸ਼ ਹੈ ਕਿ ਗਿੱਲ ਨੇ ਉਸ ਦੀ ਧੀ ਨੂੰ ਗਰਭਪਾਤ ਕਰਵਾਉਣ ਲਈ ਮਜਬੂਰ ਕੀਤਾ ਸੀ ਤੇ ਫਿਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਸੀ।

ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਪਿਤਾ ਨੇ ਦੱਸਿਆ, 'ਅਸੀਂ ਆਪਣੇ ਪਰਵਾਰ ਨਾਲ ਗੁਰਦਾਸਪੁਰ ਜ਼ਿਲ੍ਹੇ ਦੇ ਅਬੁਲ ਖੈਰ ਪਿੰਡ ਵਿੱਚ ਇੱਕ ਗਿਰਜਾਘਰ ਜਾਂਦੇ ਸੀ। ਉੱਥੇ ਜਸ਼ਨ ਗਿੱਲ ਨੇ ਮੇਰੀ ਧੀ ਨੂੰ ਗੁੰਮਰਾਹ ਕੀਤਾ ਅਤੇ ਉਸ ਨਾਲ ਵਾਰ-ਵਾਰ ਜਬਰ-ਜ਼ਨਾਹ ਕੀਤਾ। ਮੇਰੀ ਧੀ 22 ਸਾਲਾਂ ਦੀ ਸੀ ਅਤੇ ਬੀ ਸੀ ਏ ਦੀ ਵਿਦਿਆਰਥਣ ਸੀ। ਪਾਦਰੀ ਨੇ ਉਸ ਨੂੰ ਗਰਭਵਤੀ ਕਰ ਦਿੱਤਾ ਅਤੇ ਬਾਅਦ ਵਿੱਚ ਖੋਖਰ ਪਿੰਡ ਵਿੱਚ ਇੱਕ ਨਰਸ ਰਾਹੀਂ ਉਸ ਦਾ ਗਰਭਪਾਤ ਕਰਵਾਇਆ। ਸਾਨੂੰ ਇਸ ਗੱਲ ਦਾ ਉਦੋਂ ਪਤਾ ਲੱਗਾ, ਜਦੋਂ ਕੁੜੀ ਦੇ ਢਿੱਡ 'ਚ ਦਰਦ ਸ਼ੁਰੂ ਹੋ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰ ਨੇ ਦੱਸਿਆ ਕਿ ਕੁੜੀ ਦਾ ਗਰਭਪਾਤ ਹੋਇਆ ਹੈ ਤੇ ਗਰਭਪਾਤ ਕਰਨ ਵਾਲਿਆਂ ਨੇ ਸਹੀ ਢੰਗ ਨਾਲ ਨਹੀਂ ਕੀਤਾ। ਕੁੜੀ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ ਤਾਂ ਉਸ ਨੂੰ ਅੰਮ੍ਰਿਤਸਰ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।'

ਪਿਤਾ ਨੇ ਦਾਅਵਾ ਕੀਤਾ, 'ਪਾਦਰੀ ਨੇ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ, ਜਿਸ ਕਾਰਨ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਉਹ ਖੁੱਲ੍ਹਾ ਘੁੰਮਦਾ ਹੈ ਅਤੇ ਪੁਲਸ ਉਸ ਤੋਂ ਪੈਸੇ ਲੈਂਦੀ ਹੈ।'

ਪਿਤਾ ਨੇ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਮੰਗ ਕਰਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਸ ਨੇ ਕਿਹਾ, 'ਮੈਨੂੰ ਬਹੁਤ ਧਮਕੀਆਂ ਮਿਲੀਆਂ, ਇਸ ਲਈ ਮੈਂ ਆਪਣਾ ਪਿੰਡ ਛੱਡ ਦਿੱਤਾ। ਮੈਂ ਆਪਣੀ ਧੀ ਲਈ ਇਨਸਾਫ ਚਾਹੁੰਦਾ ਹਾਂ। ਪੰਜਾਬ ਪੁਲਸ ਨੇ ਕੁਝ ਨਹੀਂ ਕੀਤਾ।'

ਜ਼ਿਕਰਯੋਗ ਹੈ ਕਿ 9 ਜੁਲਾਈ 2023 ਪੁਲਸ ਸਟੇਸ਼ਨ ਦੀਨਾਨਗਰ ਵਿਖੇ ਪਾਸਟਰ ਜਸ਼ਨ ਗਿੱਲ ਖਿਲਾਫ ਆਈ ਪੀ ਸੀ ਦੀ ਧਾਰਾ-376 ਤੇ 304-ਏ ਤਹਿਤ ਮਾਮਲਾ ਦਰਜ ਹੋਇਆ ਸੀ। ਪਿਤਾ ਨੇ ਦੋਸ਼ ਲਾਇਆ ਹੈ ਕਿ ਪੁਲਸ ਨੇ ਜਾਣ ਬੁੱਝ ਕੇ ਘਟਨਾ ਤੋਂ ਤਿੰਨ ਮਹੀਨੇ ਬਾਅਦ ਪਰਚਾ ਦਰਜ ਕੀਤਾ। ਇਸ ਤੋਂ ਇਲਾਵਾ ਐਕਸੀਡੈਂਟ ਦੀ ਧਾਰਾ 304-ਏ ਲਗਾ ਕੇ ਕੇਸ ਹਲਕਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਕੇਸ ਦਰਜ ਹੋਣ ਤੋਂ ਬਾਅਦ ਪਾਦਰੀ ਜਸ਼ਨ ਗਿੱਲ ਫਰਾਰ ਹੋ ਗਿਆ। ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਹ ਖੁੱਲ੍ਹੇ ਕੇ ਲਾਈਵ ਸ਼ੋਅ ਕਰਦਾ ਰਿਹਾ। ਇਸ ਸਮੇਂ ਉਹ 2 ਚਰਚ ਚਲਾ ਰਿਹਾ ਹੈ ਤੇ ਜੰਮੂ ਵਿਖੇ ਰਹਿ ਰਿਹਾ ਹੈ। ਪੀੜਤ ਪਿਤਾ ਨੇ ਦੋਸ਼ ਲਾਇਆ ਕਿ ਸੰਬੰਧਤ ਪੁਲਸ ਉਸ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਉਲਟਾ ਉਸ 'ਤੇ ਹੀ ਮਾਮਲਾ ਰਫਾ-ਦਫਾ ਕਰਨ ਦਾ ਦਬਾਅ ਬਣਾ ਰਹੀ ਹੈ। ਉਸ ਨੂੰ ਕਾਫੀ ਤੰਗ ਕੀਤਾ ਗਿਆ, ਜਿਸ ਕਾਰਨ ਉਸ ਨੂੰ ਆਪਣਾ ਘਰ ਸਸਤੇ ਭਾਅ ਵੇਚ ਕੇ ਅੰਮ੍ਰਿਤਸਰ ਸ਼ਿਫਟ ਹੋਣਾ ਪਿਆ, ਜਿਥੇ ਉਹ ਰਿਕਸ਼ਾ ਚਲਾ ਰਿਹਾ ਹੈ।

ਇਹ ਮਾਮਲਾ ਪਾਦਰੀ ਬਜਿੰਦਰ ਸਿੰਘ ਨੂੰ ਜਬਰ-ਜ਼ਨਾਹ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਨਿਕਲ ਕੇ ਸਾਹਮਣੇ ਆਇਆ ਹੈ।

ਡੋਰਸਟੈੱਪ ਡਿਲੀਵਰੀ ਸਰਵਿਸ ਦੀ ਫੀਸ 70 ਰੁਪਏ ਘਟਾਈ

ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)

ਪੰਜਾਬ ਸਰਕਾਰ ਨੇ ਲੋਕਾਂ ਨੂੰ ਘਰ ਬੈਠੇ ਸਰਕਾਰੀ ਸੇਵਾਵਾਂ ਦਾ ਲਾਭ ਦੇਣ ਲਈ ਸ਼ੁਰੂ ਕੀਤੀ ਡੋਰਸਟੈੱਪ ਡਿਲੀਵਰੀ ਸਰਵਿਸ ਦੀ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕਰ ਦਿੱਤੀ ਹੈ। ਇਹ ਐਲਾਨ ਸਨਿੱਚਰਵਾਰ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੰਡੀਗੜ੍ਹ ਵਿਖੇ ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ ਦੇ ਬੋਰਡ ਆਫ ਗਵਰਨਰਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਘਰ ਬੈਠੇ 406 ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ, ਜਿਸ ਨੂੰ ਲੋਕ ਹੈੱਲਪਲਾਈਨ ਨੰਬਰ 1076 'ਤੇ ਫੋਨ ਕਰਕੇ ਘਰ ਬੈਠੇ ਬੁੱਕ ਕਰਵਾ ਸਕਦੇ ਹਨ। ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਅਪ੍ਰੈਲ ਦੇ ਆਖ਼ੀਰ ਤੱਕ ਸਾਰੇ ਸਰਪੰਚਾਂ, ਨੰਬਰਦਾਰਾਂ ਤੇ ਨਗਰ ਕੌਂਸਲਰਾਂ (ਐੱਮ ਸੀਜ਼) ਦੀਆਂ ਆਨਲਾਈਨ ਲਾਗਇਨ ਆਈ ਡੀਜ਼ ਦਾ ਕੰਮ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ, ਤਾਂ ਜੋ ਸੂਬੇ ਦੇ ਨਾਗਰਿਕਾਂ ਨੂੰ ਪਾਰਦਰਸ਼ੀ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਸੰਬੰਧੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਵੀਡੀਓ ਪੋਸਟ ਕਾਰਨ ਭੱਦਰਵਾਹ 'ਚ ਖਿਚਾਅ

ਭੱਦਰਵਾਹ (ਜੰਮੂ-ਕਸ਼ਮੀਰ)-ਡੋਡਾ ਜ਼ਿਲ੍ਹੇ ਦੇ ਭਦਰਵਾਹ ਸ਼ਹਿਰ ਵਿੱਚ ਸਨਿੱਚਰਵਾਰ ਇੱਕ ਹਿੰਦੂ ਸਮੂਹ ਦੇ ਆਗੂ ਵੱਲੋਂ ਕਥਿਤ ਤੌਰ 'ਤੇ ਇਤਰਾਜ਼ਯੋਗ ਸੋਸ਼ਲ ਮੀਡੀਆ ਪੋਸਟ ਪਾਉਣ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਅਤੇ ਸ਼ਹਿਰ ਅੰਸ਼ਕ ਬੰਦ ਹੋ ਗਿਆ। ਇਸ ਕਾਰਨ ਅਧਿਕਾਰੀਆਂ ਨੂੰ ਮੋਬਾਇਲ ਇੰਟਰਨੈੱਟ ਸੇਵਾਵਾਂ ਮੁਅੱਤਲ ਕਰਨੀਆਂ ਪਈਆਂ।

ਐੱਸ ਪੀ ਵਿਨੋਦ ਸ਼ਰਮਾ ਨੇ ਕਿਹਾ ਕਿ ਮੁਲਜ਼ਮ ਵੀਰੇਂਦਰ ਰਾਜ਼ਦਾਨ ਵਿਰੁੱਧ ਐੱਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾ ਲੋਕਾਂ ਨੂੰ ਅਮਨ ਅਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਸਨਾਤਨ ਧਰਮ ਸਭਾ ਭੱਦਰਵਾਹ ਦੇ ਮੁਖੀ ਰਾਜ਼ਦਾਨ ਨੇ ਕਥਿਤ ਤੌਰ 'ਤੇ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਫਿਰਕੂ ਤੌਰ 'ਤੇ ਸੰਵੇਦਨਸ਼ੀਲ ਸਮੱਗਰੀ ਪੋਸਟ ਕੀਤੀ, ਜਿਸ ਨਾਲ ਹਿੰਦੂ ਅਤੇ ਮੁਸਲਮ ਦੋਵਾਂ ਭਾਈਚਾਰਿਆਂ ਦੇ ਮੈਂਬਰਾਂ ਦਾ ਗੁੱਸਾ ਭੜਕ ਪਿਆ। ਅੰਜੁਮਨ-ਏ-ਇਸਲਾਮੀਆ ਭੱਦਰਵਾਹ ਨੇ ਸਥਾਨਕ ਜਾਮੀਆ ਮਸਜਿਦ ਤੋਂ ਭੱਦਰਵਾਹ ਪੁਲ, ਸਟੇਸ਼ਨ ਤੱਕ ਮਾਰਚ ਕੱਢਿਆ, ਜਿਸ ਵਿੱਚ ਇਤਰਾਜ਼ਯੋਗ ਪੋਸਟ ਰਾਹੀਂ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ੀ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਗਈ।

ਐੱਸ ਪੀ ਵੱਲੋਂ ਕਾਨੂੰਨ ਅਨੁਸਾਰ ਢੁਕਵੀਂ ਕਾਰਵਾਈ ਦਾ ਭਰੋਸਾ ਦੇਣ ਤੋਂ ਬਾਅਦ ਪ੍ਰਦਰਸ਼ਨਕਾਰੀ ਖਿੰਡ ਗਏ। ਹਾਲਾਂਕਿ, ਅੰਜੁਮਨ ਦੇ ਸੱਦੇ 'ਤੇ ਸ਼ਹਿਰ ਵਿੱਚ ਦੁਕਾਨਾਂ ਅੰਸ਼ਕ ਤੌਰ 'ਤੇ ਬੰਦ ਰਹੀਆਂ।

ਐੱਸ ਪੀ ਨੇ ਕਿਹਾ ਕਿ ਭਾਰਤੀ ਨਿਆਏ ਸੰਹਿਤਾ (ਬੀ ਐੱਨ ਐੱਸ) ਦੀ ਧਾਰਾ 299 (ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੀਤੇ ਗਏ ਅਤੇ ਦੁਰਭਾਵਨਾਪੂਰਨ ਕੰਮ) ਦੇ ਤਹਿਤ ਰਾਜ਼ਦਾਨ ਵਿਰੁੱਧ ਭਦਰਵਾਹ ਪੁਲਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਉਸ ਨੂੰ ਗ੍ਰਿਫਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਅਧਿਕਾਰੀਆਂ ਨੇ ਕਿਹਾ ਕਿ ਚੌਕਸੀ ਵਜੋਂ ਭੱਦਰਵਾਹ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਮੋਬਾਇਲ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ।

ਭਾਜਪਾ ਦੇ ਸੀਨੀਅਰ ਨੇਤਾ ਅਤੇ ਭੱਦਰਵਾਹ ਪੱਛਮੀ ਤੋਂ ਜ਼ਿਲ੍ਹਾ ਵਿਕਾਸ ਪ੍ਰੀਸ਼ਦ (ਡੀ ਡੀ ਸੀ) ਦੇ ਮੈਂਬਰ ਠਾਕੁਰ ਯੁੱਧਵੀਰ ਸਿੰਘ ਨੇ ਇਸ ਮੰਦਭਾਗੀ ਪੋਸਟ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਰਾਜ਼ਦਾਨ ਨੇ ਆਪਣੀ ਨ

6-APRIL-PAGE-1.qxd 4/5/2025 10:54 PM Page 2

ਚੇਅਰਮੈਨ ਢਿੱਲੋਂ ਨੇ ਬਰਸਟ ਤੇ ਵਿਧਾਇਕਾਂ ਦੀ ਹਾਜ਼ਰੀ 'ਚ ਸੰਭਾਲਿਆ ਅਹੁਦਾ

ਜ਼ੀਰਾ (ਨਰਿੰਦਰ ਅਨੇਜਾ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਕਬਾਲ ਸਿੰਘ ਢਿੱਲੋਂ ਨੂੰ ਚੇਅਰਮੈਨ ਮਾਰਕੀਟ ਕਮੇਟੀ ਜ਼ੀਰਾ ਨਿਯੁਕਤ ਕੀਤਾ ਗਿਆ ਹੈ।ਅੱਜ ਉਨ੍ਹਾਂ ਦੇ ਅਹੁਦਾ ਸੰਭਾਲ ਸਮਾਰੋਹ ਵਿੱਚ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਪੰਜਾਬ ਸੂਬਾ ਸਕੱਤਰ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮਾਰਕਿਟ ਕਮੇਟੀ ਜ਼ੀਰਾ ਦਫਤਰ ਵਿਖੇ ਅਹੁਦਾ ਸੰਭਾਲ ਸਮਾਰੋਹ ਮੌਕੇ ਇਕਬਾਲ ਸਿੰਘ ਢਿੱਲੋਂ ਨੇ ਹਰਚੰਦ ਸਿੰਘ ਬਰਸਟ, ਵਿਧਾਇਕ ਨਰੇਸ਼ ਕਟਾਰੀਆ, ਵਿਧਾਇਕ ਰਣਬੀਰ ਸਿੰਘ ਭੁੱਲਰ, ਵਿਧਾਇਕ ਫੌਜਾ ਸਿੰਘ ਸਰਾਰੀ ਦੀ ਹਾਜ਼ਰੀ ਵਿੱਚ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ ਹਰਚੰਦ ਸਿੰਘ ਬਰਸਟ ਵੱਲੋਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਸਮਰਪਤ ਭਾਵਨਾ ਨਾਲ ਨਿਭਾਉਣ ਲਈ ਕਿਹਾ।ਅਹੁਦਾ ਸੰਭਾਲਣ ਮੌਕੇ ਸ੍ਰੀ ਢਿੱਲੋਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਹ ਜ਼ਿੰਮੇਵਾਰੀ ਦੇਣ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਤੇ ਸਮਰਪਤ ਭਾਵਨਾ ਨਾਲ ਨਿਭਾਉਣਗੇ।ਇਸ ਮੌਕੇ ਚੇਅਰਮੈਨ ਪੰਜਾਬ ਐਗਰੋ ਸ਼ਮਿੰਦਰ ਸਿੰਘ ਖਿੰਡਾ, ਰਾਜ ਬਹਾਦਰ ਸਿੰਘ, ਹਰਮੀਤ ਸਿੰਘ ਖਾਈ, ਗਗਨਦੀਪ ਸਿੰਘ ਖਾਈ ਬਲਾਕ ਪ੍ਰਧਾਨ, ਸੁਰਜੀਤ ਸਿੰਘ ਬਲਾਕ ਪ੍ਰਧਾਨ, ਗੁਰਭੇਜ ਸਿੰਘ ਸਮੇਤ ਆਮ ਆਦਮੀ ਪਾਰਟੀ ਦੇ ਹੋਰ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

ਮਾਇਸਰਖਾਨਾ ਮੰਦਰ ਕਮੇਟੀ ਵੱਲੋਂ ਚੇਅਰਮੈਨ ਵਰਿੰਦਰ ਸੋਨੀ ਦਾ ਸਨਮਾਨ

ਭੀਖੀ (ਧਰਮਵੀਰ ਸ਼ਰਮਾ)-ਮਾਰਕਿਟ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਮਾਸਟਰ ਵਰਿੰਦਰ ਸੋਨੀ ਵੱਲੋਂ ਪ੍ਰਾਚੀਨ ਸ੍ਰੀ ਦੁਰਗਾ ਮੰਦਰ ਮਾਇਸਰਖਾਨਾ ਮੇਲੇ ਦੌਰਾਨ ਨਤਮਸਤਕ ਹੋਣ ਤੋਂ ਬਾਅਦ ਮੰਦਰ ਕਮੇਟੀ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਦਫਤਰ ਸਕੱਤਰ ਰਜਿੰਦਰ ਰਾਜੀ ਨੇ ਕਿਹਾ ਕਿ ਚੇਅਰਮੈਨ ਵਰਿੰਦਰ ਸੋਨੀ ਪਿਛਲੇ ਡੇਢ ਦਹਾਕੇ ਤੋਂ ਸਮਾਜ ਦੀ ਨਿਰਸਵਾਰਥ ਸੇਵਾ ਕਰ ਰਹੇ ਹਨ ਤੇ ਮੰਦਰ ਕਮੇਟੀ ਵੱਲੋਂ ਕੀਤੇ ਜਾਂਦੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਿੱਚ ਵੀ ਉਹ ਆਪਣਾ ਵੱਡਮੁੱਲਾ ਸਹਿਯੋਗ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਪਵਨ ਬਾਂਸਲ, ਸਕੱਤਰ ਮਹਿੰਦਰਪਾਲ ਮੌਜੀ, ਕੈਪਟਲ ਕੇਵਲ ਕ੍ਰਿਸ਼ਨ, ਭੀਖੀ ਯੂਨਿਟ ਦੇ ਪ੍ਰਧਾਨ ਧਰਮਪਾਲ ਜਿੰਦਲ, ਸੁਰੇਸ਼ ਸਿੰਗਲਾ, ਸੁਖਦੇਵ ਮਹੰਤ, ਰਜਨੀਸ਼ ਕੁਮਾਰ ਹੈਪੀ ਹਾਜ਼ਰ ਸਨ।

ਕ੍ਰਿਸ਼ਨਾ ਕਾਲਜ ਰੱਲੀ ਵਿਖੇ ਅੱਖਾਂ ਦਾ ਚੈੱਕਅੱਪ ਕੈਂਪ

ਬਰੇਟਾ (ਗੀਤਵਾਲ, ਗੋਬਿੰਦ ਸ਼ਰਮਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਬੁਢਲਾਡਾ ਵਿਖੇ ਅੱਖਾਂ ਦਾ ਚੈੱਕਅਪ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 200 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਵਿੱਚ ਡਾਕਟਰ ਸੁਖਜਿੰਦਰ ਸਿੰਘ ਤੇ ਡਾਕਟਰ ਸੁਨੀਲ ਕੁਮਾਰ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਕੈਂਪ ਦੌਰਾਨ ਬਿਕਰਮ ਅਰੋੜਾ (ਅਰੋੜਾ ਆਪਟੀਕਲ ਬੁਢਲਾਡਾ) ਦਾ ਵਿਸ਼ੇਸ਼ ਸਹਿਯੋਗ ਰਿਹਾ। ਟੀਮ ਦਾ ਕਾਲਜ ਪਹੁੰਚਣ 'ਤੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਮੈਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸੱਤਪਾਲ ਸਿੰਘ ਚਹਿਲ ਤੇ ਪ੍ਰਧਾਨ ਡਾਕਟਰ ਵਿਜੇ ਸਿੰਗਲਾ ਵੱਲੋਂ ਸਵਾਗਤ ਕੀਤਾ ਗਿਆ। ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਾਲਜ ਪ੍ਰਿੰਸੀਪਲ ਨੇ ਜਾਣਕਾਰੀ ਦਿੱਤੀ ਕਿ ਇਹ ਬਹੁਤ ਹੀ ਵਧੀਆ ਉਪਰਾਲਾ ਹੈ। ਇਸ ਨਾਲ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਘਰ ਦੇ ਨਜ਼ਦੀਕ ਆਪਣੀਆਂ ਅੱਖਾਂ ਦੀ ਜਾਂਚ ਕਰਵਾ ਕੇ ਮੈਡੀਕਲ ਸਹੂਲਤ ਦਾ ਲਾਭ ਉਠਾ ਸਕਦੇ ਹਨ। ਕੈਂਪ ਦੌਰਾਨ ਸਾਰੇ ਮਰੀਜ਼ਾਂ ਨੂੰ ਮੁਫਤ ਦਵਾਈ ਵੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਵੀ ਭਰਪੂਰ ਸਹਿਯੋਗ ਕੀਤਾ ਗਿਆ।

ਬਿਹਾਰੀ ਲਾਲ ਸੱਦੀ ਨਮਿਤ ਸ਼ਰਧਾਂਜਲੀ ਸਮਾਗਮ

ਸਮਰਾਲਾ (ਸੁਰਜੀਤ ਸਿੰਘ)-ਸਿੱਖਿਆ ਸ਼ਾਸਤਰੀ, ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ, ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਜਨਰਲ ਸਕੱਤਰ ਤੇ ਸਮਰਾਲਾ ਇਲਾਕੇ ਦੀਆਂ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਬਿਹਾਰੀ ਲਾਲ ਸੱਦੀ ਰਿਟਾ. ਲੈਕਚਰਾਰ, ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਨਮਿਤ ਅੰਤਿਮ ਅਰਦਾਸ ਭਾਰਤੀ ਪੈਲੇਸ ਵਿਖੇ ਹੋਈ। ਹਿੰਦੂ ਧਰਮ ਦੀਆਂ ਰੀਤੀ ਰਿਵਾਜਾਂ ਅਨੁਸਾਰ ਸ੍ਰੀ ਗਰੁੜ ਪਾਠ ਦਾ ਭੋਗ ਪਾਇਆ ਤੇ ਵਿਦਵਾਨ ਪੰਡਤਾਂ ਵੱਲੋਂ ਆਰਤੀ ਕੀਤੀ ਗਈ। ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਵਿੱਚ ਇਲਾਕੇ ਦੀਆਂ ਸਾਹਿਤਕ, ਧਾਰਮਿਕ, ਸਮਾਜਿਕ, ਰਾਜਨੀਤਕ ਸੰਸਥਾਵਾਂ ਦੇ ਪ੍ਰਮੁੱਖ ਅਹੁਦੇਦਾਰਾਂ ਤੋਂ ਇਲਾਵਾ ਸਿੱਖਿਆ, ਪੁਲਸ ਖੇਤਰ ਦੇ ਉੱਚ ਅਧਿਕਾਰੀਆਂ ਨੇ ਪੁੱਜ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾਂਜਲੀ ਦੇਣ ਵਾਲਿਆਂ ਵਿੱਚ ਪ੍ਰਮੁੱਖ ਤੌਰ 'ਤੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਸਮਸ਼ੇਰ ਸਿੰਘ ਦੂਲੋਂ ਸਾਬਕਾ ਮੈਂਬਰ ਪਾਰਲੀਮੈਂਟ, ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਦੇਵੀ ਦਿਆਲ ਪ੍ਰਾਸ਼ਰ, ਮਾ. ਰਾਮ ਰਤਨ ਨੇ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਬਿਹਾਰੀ ਲਾਲ ਸੱਦੀ ਇੱਕ ਨੇਕ ਦਿਲ ਇਨਸਾਨ ਹੋਣ ਤੋਂ ਇਲਾਵਾ ਇਕ ਸੰਸਥਾ ਸਨ, ਜੋ ਅਨੇਕਾਂ ਹੀ ਸੰਸਥਾਵਾਂ ਵਿੱਚ ਮੋਹਰੀ ਰੋਲ ਨਿਭਾਅ ਰਹੇ ਸਨ। ਉਨ੍ਹਾਂ ਦੇ ਜਾਣ ਨਾਲ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਪਰਮਜੀਤ ਸਿੰਘ ਢਿੱਲੋਂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਜਗਜੀਵਨ ਸਿੰਘ ਖੀਰਨੀਆਂ ਸਾਬਕਾ ਵਿਧਾਇਕ, ਲਾਲਾ ਮੰਗਤ ਰਾਏ, ਕਮਾਂਡੈਂਟ ਰਸਪਾਲ ਸਿੰਘ, ਅਮਰਜੀਤ ਸਿੰਘ ਬਾਲਿਓਂ, ਐਡਵੋਕੇਟ ਨਰਿੰਦਰ ਸ਼ਰਮਾ, ਡਾ. ਪਰਮਿੰਦਰ ਸਿੰਘ ਬੈਨੀਪਾਲ, ਐਡਵੋਕੇਟ ਪਰਮਿੰਦਰ ਸਿੰਘ ਗਿੱਲ, ਦਰਸ਼ਨ ਸਿੰਘ ਕੰਗ, ਵਿਜੇ ਕੁਮਾਰ, ਮੇਘ ਸਿੰਘ ਜਵੰਦਾ, ਪੁਖਰਾਜ ਸਿੰਘ ਘੁਲਾਲ ਗੁਰਦਿਆਲ ਦਲਾਲ, ਸੁਰਿੰਦਰ ਰਾਮਪੁਰੀ, ਅਨਿਲ ਫਤਹਿਗੜ੍ਹ ਜੱਟਾਂ, ਐਡਵੋਕੇਟ ਦਲਜੀਤ ਸ਼ਾਹੀ, ਦੀਪ ਦਿਲਬਰ, ਕਹਾਣੀਕਾਰ ਬਲਵਿੰਦਰ ਸਿੰਘ, ਮੁਖਤਿਆਰ ਸਿੰਘ ਖੰਨਾ ਇੰਦਰਜੀਤ ਸਿੰਘ ਕੰਗ, ਅਮਨ ਸਮਰਾਲਾ, ਸਨੀ ਦੂਆ, ਹਰਜਿੰਦਰਪਾਲ ਸਿੰਘ, ਕੁਲਵੰਤ ਤਰਕ, ਬਲਵੰਤ ਸਿੰਘ ਜਟਾਣਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਨੁਮਾਇੰਦੇ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਐਡਵੋਕੇਟ ਪਰਮਜੀਤ ਸਿੰਘ ਖੰਨਾ ਨੇ ਨਿਭਾਈ।

ਗਗਨਦੀਪ ਕੌਰ ਨੇ 8ਵੀਂ ਦੀ ਪ੍ਰੀਖਿਆ 'ਚ ਮਾਰੀ ਮੱਲ



ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਅੱਠਵੀਂ ਦੇ ਆਏ ਨਤੀਜਿਆਂ ਵਿੱਚ ਸਰਕਾਰੀ ਮਿਡਲ ਸਕੂਲ ਸਮੂੰਰਾਂ ਦੀ ਵਿਦਿਆਰਥਣ ਗਗਨਦੀਪ ਕੌਰ ਪੁੱਤਰੀ ਹਰਮੀਤ ਸਿੰਘ ਨੇ 600 ਵਿੱਚੋਂ 562 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਜਿੱਥੇ ਪਿੰਡ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ, ਉਥੇ ਹੀ ਆਪਣੇ ਮਾਪਿਆਂ ਨੂੰ ਵੀ ਫ਼ਕਰ ਮਹਿਸੂਸ ਕਰਵਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਇੰਚਾਰਜ ਸ਼੍ਰੀਮਤੀ ਮਨਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਚੰਗੇ ਯਤਨਾ ਸਦਕਾ ਹੀ ਵਿਦਿਆਰਥੀ ਅਜਿਹੀਆਂ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡੀ. ਓ. ਸੰਗਰੂਰ ਤਰਵਿੰਦਰ ਕੌਰ ਤੇ ਡਿਪਟੀ ਡੀ ਓ ਮਨਜੀਤ ਕੌਰ ਦੇ ਰਹਿਨੁਮਾਈ ਹੇਠ ਅਤੇ ਸਿੱਖਿਆ ਸਬੰਧੀ ਕੀਤੇ ਯਤਨਾਂ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ।

ਬਲਰਾਜ ਸਿੰਘ ਸੰਧੂ ਨੇ ਸੰਭਾਲਿਆ ਚੇਅਰਮੈਨ ਮਾਰਕੀਟ ਕਮੇਟੀ ਦਾ ਅਹੁਦਾ

ਮਮਦੋਟ (ਜਸਬੀਰ ਸਿੰਘ ਕੰਬੋਜ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਸਰਕਾਰ ਵੱਲੋਂ ਮਾਰਕੀਟ ਕਮੇਟੀ ਮਮਦੋਟ ਦੇ ਨਿਯੁਕਤ ਕੀਤੇ ਗਏ ਚੇਅਰਮੈਨ ਬਲਰਾਜ ਸਿੰਘ ਸੰਧੂ ਵੱਲੋਂ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਤੇ ਫਿਰੋਜ਼ਪੁਰ ਸ਼ਹਿਰੀ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ ਦੀ ਅਗਵਾਈ ਹੇਠ ਮਾਰਕੀਟ ਕਮੇਟੀ ਮਮਦੋਟ ਦੇ ਚੇਅਰਮੈਨ ਦਾ ਅਹੁਦਾ ਸੰਭਾਲ ਲਿਆ।ਇਸ ਤੋਂ ਪਹਿਲਾਂ ਅਨਾਜ ਮੰਡੀ ਮਮਦੋਟ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਢਾਡੀ ਸਿੰਘਾਂ ਵੱਲੋਂ ਵਾਰਾਂ ਗਾ ਕੇ ਗੁਰੂ ਦਾ ਜਸ ਗਾਇਨ ਕੀਤਾ ਗਿਆ।ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕਰਨ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਅਦਾ ਕਰਨ ਤੋਂ ਬਾਅਦ ਚੇਅਰਮੈਨ ਬਲਰਾਜ ਸਿੰਘ ਸੰਧੂ ਵੱਲੋਂ ਇਹ ਅਹੁਦਾ ਸੰਭਾਲਦਿਆਂ ਪੂਰੀ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਕੀਤਾ ਗਿਆ।ਇਸ ਮੌਕੇ ਮਾਰਕੀਟ ਕਮੇਟੀ ਦੇ ਸਕੱਤਰ ਬਿਕਰਮਜੀਤ ਸਿੰਘ ਸੰਧੂ, ਨਵਦੀਪ ਸਿੰਘ ਕਿਲੀ ਥਾਨਾ ਮੁਖੀ ਅਭਿਨਵ ਚੌਹਾਨ ਦਲਜੀਤ ਸਿੰਘ ਬਾਬਾ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਚੰਦ ਸਿੰਘ ਗਿੱਲ, ਚੇਅਰਮੈਨ ਬਲਰਾਜ ਸਿੰਘ ਦੇ ਪਿਤਾ ਸਰਬਜੀਤ ਸਿੰਘ ਸੰਧੂ, ਆੜ੍ਹਤੀ ਆਗੂ ਅਵਤਾਰ ਸਿੰਘ ਲੋਧਰਾਂ, ਰਾਕੇਸ਼ ਬਿੰਦਰਾ, ਯਸਪਾਲ ਗਾਬਾ, ਆੜ੍ਹਤੀ ਕੁਲਵੰਤ ਸਿੰਘ ਜੋਸਨ, ਚੇਅਰਮੈਨ ਬਲਾਕ ਸਮੰਤੀ ਹਰਬੰਸ ਸਿੰਘ, ਬਲਕਾਰ ਸਿੰਘ ਜੋਸਨ ਸਰਪੰਚ ਜੋਧਪੁਰ, ਦਰਸ਼ਨ ਸਿੰਘ ਜੋਧਪੁਰ ਅਕਾਲੀ ਦਲ ਅਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ, ਤੇਜਿੰਦਰ ਸਿੰਘ ਦਿਉਲ, ਕਾਮਰੇਡ ਹੰਸਾ ਸਿੰਘ, ਪ੍ਰੈੱਸ ਕਲੱਬ ਦੇ ਪ੍ਰਧਾਨ ਜੋਗਿੰਦਰ ਸਿੰਘ ਤੋਲਾ, ਜਸਬੀਰ ਸਿੰਘ ਕੰਬੋਜ, ਨੰਬਰਦਾਰ ਬਲਜੀਤ ਸਿੰਘ, ਅੰਗੂਰ ਸਿੰਘ ਸਾਬਕਾ ਸਰਪੰਚ ਦਿਲਾ ਰਾਮ, ਗੁਰਜੰਟ ਸਿੰਘ ਬਲਾਕ ਸੰਮਤੀ ਮੈਂਬਰ ਦਿਲਾ ਰਾਮ, ਜੋਗਿੰਦਰ ਸਿੰਘ ਬੇਟੂ ਕਦੀਮ, ਸਰਪੰਚ ਰਜਵੰਤ ਸਿੰਘ ਸੋਢੀ, ਬਲਜੀਤ ਸਿੰਘ ਕੜਮਾ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਇਸ ਸਮਾਗਮ 'ਚ ਪਹੁੰਚੇ ਹੋਏ ਸਨ।

ਮੁਸਲਿਮ ਭਾਈਚਾਰੇ ਵੱਲੋਂ ਵਕਫ ਸੋਧ ਬਿੱਲ ਖਿਲਾਫ ਪੁਤਲਾ ਫੂਕ ਪ੍ਰਦਰਸ਼ਨ

ਵਕਫ ਬੋਰਡ ਮੁਸਲਮਾਨਾਂ ਦੀ ਧਾਰਮਿਕ ਸੰਸਥਾ, ਇਸ 'ਚ ਦਖਲ-ਅੰਦਾਜ਼ੀ ਅਫਸੋਸਨਾਕ : ਸ਼ਾਹੀ ਇਮਾਮ ਪੰਜਾਬ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)-ਇੱਥੇ ਲੁਧਿਆਣਾ ਦੀ ਇਤਿਹਾਸਕ ਜਾਮਾ ਮਸਜਿਦ ਦੇ ਬਾਹਰ ਭਾਰਤ ਦੇ ਸੁਤੰਤਰਤਾ ਸੰਗਰਾਮ 'ਚ ਸ਼ਾਮਲ ਰਹੀ ਜਮਾਤ ਮਜਲਿਸ ਅਹਿਰਾਰ ਇਸਲਾਮ ਵੱਲੋਂ ਵਕਫ ਐਕਟ ਵਿੱਚ ਕੀਤੇ ਗਏ ਸੋਧ ਦਾ ਵਿਰੋਧ ਕੀਤਾ ਗਿਆ। ਇਸ ਮੌਕੇ ਸੈਂਕੜੇ ਮੁਸਲਮਾਨਾਂ ਨੇ ਵਕਫ ਸੋਧ ਬਿੱਲ ਦਾ ਪੁਤਲਾ ਫੂਕ ਕੇ ਕੇਂਦਰ ਸਰਕਾਰ ਨੂੰ ਇੱਕ ਮੈਮੋਰੰਡਮ ਦੇ ਜ਼ਰੀਏ ਆਪਣਾ ਰੋਸ ਦਰਜ ਕਰਵਾਇਆ।ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਕਿਹਾ ਕਿ ਕਾਨੂੰਨ 'ਚ ਸੋਧ ਕੋਈ ਨਵੀਂ ਗੱਲ ਨਹੀਂ, ਪਰ ਜੇਕਰ ਉਹ ਕਿਸੇ ਵਿਸ਼ੇਸ਼ ਵਰਗ ਲਈ ਬਣਾਇਆ ਜਾ ਰਿਹਾ ਹੈ ਤਾਂ ਉਸ ਵਰਗ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਸਰਕਾਰ ਦੀ ਜ਼ਿੰਮੇਦਾਰੀ ਬਣਦੀ ਹੈ।

ਸ਼ਾਹੀ ਇਮਾਮ ਨੇ ਕਿਹਾ ਕਿ ਨਵੇਂ ਸੋਧ ਵਿੱਚ ਕੇਂਦਰ ਸਰਕਾਰ ਦਾ ਵਕਫ਼ ਬੋਰਡ ਵਿੱਚ ਹਰ ਪੰਜ ਸਾਲ ਬਾਅਦ ਨਿਯੁਕਤ ਕੀਤੇ ਜਾਣ ਵਾਲੇ ਮੈਂਬਰਾਂ 'ਚ ਗੈਰ-ਮੁਸਲਿਮ ਮੈਂਬਰਾਂ ਨੂੰ ਲਏ ਜਾਣ ਦਾ ਕਾਨੂੰਨ ਬਿਲਕੁਲ ਗੈਰ-ਕਾਨੂੰਨੀ ਹੈ।ਉਨ੍ਹਾਂ ਕਿਹਾ ਕਿ ਵਕਫ ਬੋਰਡ ਭਾਰਤ ਦੇ ਮੁਸਲਮਾਨਾਂ ਦੀ ਧਾਰਮਿਕ ਸੰਸਥਾ ਹੈ ਤੇ ਇਹ ਧਰਮ ਦੀਆਂ ਜਾਇਦਾਦਾਂ ਦੀ ਦੇਖਭਾਲ ਕਰਦਾ ਹੈ ਅਤੇ ਇਸ ਨੂੰ ਚਲਾਉਣ ਵਾਲੇ ਇਸ ਧਰਮ ਦੇ ਹੋਣੇ ਚਾਹੀਦੇ ਨੇ ਤਾਂ ਕਿ ਉਨ੍ਹਾਂ ਨੂੰ ਧਰਮ ਦੀ ਮਰਿਆਦਾ ਤੇ ਸ਼ਰੀਅਤ ਦੇ ਪਾਲਣ ਦੀ ਜਾਣਕਾਰੀ ਹੋਵੇ। ਸ਼ਾਹੀ ਇਮਾਮ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਦੇ ਆਮ ਮੁਸਲਮਾਨਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਸੋਧ ਕਰੇ ਨਾ ਕਿ ਲੀਡਰਸ਼ਿਪ ਦੇ ਕਹਿਣ 'ਤੇ ਕੋਈ ਕਾਨੂੰਨ ਬਣਾਏ। ਉਹਨਾਂ ਕਿਹਾ ਕਿ ਇਹ ਭਰਮ ਫੈਲਾਉਣਾ ਕਿ ਦੁਨੀਆ ਦੇ ਇਸਲਾਮੀ ਦੇਸ਼ਾਂ 'ਚ ਵਕਫ ਬੋਰਡ ਨਹੀਂ ਹੈ, ਇਹ ਬਿਲਕੁਲ ਗਲਤ ਗੱਲ ਹੈ। ਦੁਨੀਆ ਦੀਆਂ ਸਭ ਤੋਂ ਵੱਡੀਆਂ ਦੋ ਮਸਜਿਦਾਂ ਮੱਕਾ ਤੇ ਮਦੀਨਾ ਮੁਸਲਮਾਨਾਂ ਦੇ ਸਭ ਤੋਂ ਵੱਡੇ ਵਕਫ ਹਨ ਅਤੇ ਉਥੇ ਇਹ ਗੱਲ ਲਿਖ ਕੇ ਲ

6 Apr Page-3.qxd 4/5/2025 10:59 PM Page 1

ਜ਼ਿਲ੍ਹਾ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਵਿਢੇ ਯੁੱਧ ਤਹਿਤ ਕਾਰਵਾਈ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਵੱਖ-ਵੱਖ ਥਾਣਿਆਂ ਅੰਦਰ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ। ਥਾਣਾ ਸਦਰ ਗੁਰਦਾਸਪੁਰ ਪੁਲਸ ਦੇ ਏ.ਐਸ.ਆਈ. ਬਲਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਬੱਬਰੀ ਬਾਈਪਾਸ ਵਿਖੇ ਨਾਕਾਬੰਦੀ ਕਰਕੇ ਆਉਣ-ਜਾਣ ਵਾਲੀਆਂ ਗੱਡੀਆਂ ਦੀ ਚੈਕਿੰਗ ਕਰ ਰਹੇ ਸੀ ਕਿ ਇੱਕ ਗੱਡੀ ਨੰਬਰ ਪੀ.ਬੀ..06. ਐਨ..2924 ਬਟਾਲਾ ਸਾਈਡ ਤੋਂ ਆਈ ਜਿਸ ਨੂੰ ਸ਼ੱਕ 'ਤੇ ਆਧਾਰ 'ਤੇ ਰੋਕਿਆ। ਜਿਸ ਵਿੱਚ ਅਜੇ ਕਮਾਰ ਪੁੱਤਰ ਲੇਟ. ਸੁਖਦੇਵ ਕੁਮਾਰ ਵਾਸੀ ਗੀਤਾ ਭਵਨ ਰੋਡ ਗੁਰਦਾਸਪੁਰ, ਰਮਨ ਪੁੱਤਰ ਜਸਪਾਲ ਵਾਸੀ ਭੁੱਕਰਾ, ਪ੍ਰੇਮ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਅਟਵਾਲ ਥਾਣਾ ਸੇਖਵਾਂ ਸਵਾਰ ਸਨ, ਜਿਨ੍ਹਾਂ ਨੂੰ ਗੱਡੀ ਵਿਚੋਂ ਉਤਾਰ ਕੇ ਗੱਡੀ ਦੀ ਚੈਕਿੰਗ ਕੀਤੀ ਤਾਂ ਗੱਡੀ ਦੇ ਡੈਸ਼ ਬੋਰਡ ਵਿਚੋਂ ਇੱਕ ਚਿੱਟੇ ਰੰਗ ਦੇ ਮੋਮੀ ਲਿਫਾਫੇ ਵਿੱਚ ਨਸ਼ੀਲਾ ਪਦਾਰਥ ਦਾ ਸ਼ੱਕ ਹੋਣ 'ਤੇ ਥਾਣਾ ਸਦਰ ਗੁਰਦਾਸਪੁਰ ਵਿਖੇ ਇਤਲਾਹ ਦਿੱਤੀ, ਜਿਸ 'ਤੇ ਤਫਤੀਸ਼ੀ ਅਫਸਰ ਏ.ਐਸ.ਆਈ. ਰੁਪਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਕਾਬੂ ਕੀਤੇ ਵਿਅਕਤੀਆਂ ਅਤੇ ਕਾਰ ਦੀ ਤਾਲਾਸ਼ੀ ਕੀਤੀ ਤਾਂ 17 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਪੁਲਸ ਦੇ ਏ.ਐਸ.ਆਈ. ਤਿਲਕ ਰਾਜ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਨੇੜੇ ਮਸੀਤ ਰਾਏਪੁਰ ਰੋਡ ਕਰਕੇ ਦਰਸ਼ਨ ਕੁਮਾਰ ਜੱਗੋ ਪੁੱਤਰ ਸ਼ਿਵ ਲਾਲ ਵਾਸੀ ਸਾਂਸੀਆ ਮੁਹੱਲਾ ਬਹਿਰਾਮਪੁਰ ਨੂੰ 6750 ਐਮ.ਐਲ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਦੀਨਾਨਗਰ ਪੁਲਸ ਦੇ ਏ.ਐਸ.ਆਈ. ਬਲਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਦਬੁਰਜੀ ਪੁਲ ਹੇਠਾਂ ਦੌਰਾਨ ਨਾਕਾਬੰਦੀ ਅਤੇ ਚੈਕਿੰਗ ਵਹੀਕਲਾਂ ਦੇ ਸਬੰਧ ਵਿੱਚ ਧੰਨਵੀਰ ਸਿੰਘ ਅੰਸ਼ੂ ਪੁੱਤਰ ਸੁਖਦੇਵ ਸਿੰਘ ਵਾਸੀ ਉਦੀਪੁਰ ਨੂੰ ਸ਼ੱਕ ਦੇ ਆਧਾਰ 'ਤੇ ਮੋਟਰਸਾਈਕਲ ਬਿਨਾਂ ਨੰਬਰੀ ਸਮੇਤ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ 8 ਗ੍ਰਾਮ 63 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਕਾਬੂ ਕੀਤੇ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਈ ਟੀ ਓ ਨੇ ਗੁਰਪਤਵੰਤ ਪੰਨੂ ਨੂੰ ਦਿੱਤਾ ਮੂੰਹ ਤੋੜ ਜਵਾਬ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਗੁਰਪਤਵੰਤ ਪੰਨੂ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਢਹਿਢੇਰੀ ਕਰਨ ਸਬੰਧੀ ਦਿੱਤੇ ਬਿਆਨ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਦਲਿਤ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਦੇਸ਼ ਵਿਰੋਧੀ ਕਰਾਰ ਦਿੰਦਿਆਂ ਗੁਰਪਤਵੰਤ ਪੰਨੂ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਸ ਵਿਚ ਹਿੰਮਤ ਹੈ ਤਾਂ ਇਹ ਬਿਆਨ ਪੰਜਾਬ ਦੀ ਧਰਤੀ 'ਤੇ ਆ ਕੇ ਦੁਹਰਾਏ । ਉਸ ਨੂੰ ਦੇਸ਼ ਵਿਰੋਧੀ ਕਰਾਰ ਦਿੰਦਿਆਂ ਈ.ਟੀ.ਓ ਨੇ ਕੇਂਦਰ ਸਰਕਾਰ ਤੋਂ ਵੀ ਇਸ ਗੱਲ ਦੀ ਮੰਗ ਕੀਤੀ ਕਿ ਇਸ ਗੱਦਾਰ ਅਤੇ ਕਾਇਰਾਨਾ ਵਿਅਕਤੀ ਵਿਰੁੱਧ ਤੁਰੰਤ ਕਾਰਵਾਈ ਕਰਕੇ ਵਾਪਸ ਭਾਰਤ ਲਿਆ ਕੇ ਜੇਲ੍ਹਾਂ ਵਿਚ ਡੱਕੇ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਪੰਨੂ ਵਰਗਾ ਦੇਸ਼ ਵਿਰੋਧੀ ਅਜਿਹੇ ਬਿਆਨਾਂ ਰਾਹੀਂ ਪੰਜਾਬ ਵਿਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦਾ 14 ਅਪ੍ਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਜੈਯੰਤੀ ਮੌਕੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਤੇ ਪੰਜਾਬ ਦੇ ਲੋਕ ਬਾਬਾ ਸਾਹਿਬ ਦੇ ਬੁੱਤ ਸਾਹਮਣੇ ਨਤਮਸਤਕ ਹੋ ਕੇ ਮੂੰਹ ਤੋੜਵਾਂ ਜਵਾਬ ਦੇਣਗੇ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਦਲਿਤਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ, ਸਿੱਖਿਆ ਅਤੇ ਸੰਵਿਧਾਨ ਦੁਆਰਾ ਦਿੱਤੇ ਅਧਿਕਾਰਾਂ ਦੀ ਹਮੇਸ਼ਾ ਪੈਰਵੀ ਕੀਤੀ ਹੈ। ਉਨ੍ਹਾਂ ਕਿਹਾ ਅਜਿਹੇ ਵਿਚ ਸਾਰੇ ਧਰਮਾਂ ਜਾਤਾਂ ਦੇ ਲੋਕਾਂ ਨੂੰ ਵੋਟ ਦਾ ਅਧਿਕਾਰ ਸਮੇਤ ਮੌਲਿਕ ਅਧਿਕਾਰ ਵੀ ਦਿੱਤੇ ਹਨ। ਇਸ ਕਰਕੇ ਸਮੁੱਚਾ ਦੇਸ਼ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦਾ ਹੈ। ਉਨ੍ਹਾਂ ਕਿਹਾ ਕਿ ਇਹ ਹਰ ਸਮੇਂ ਕੁਝ ਖਾਸ ਮੌਕਿਆਂ 'ਤੇ ਅਜਿਹੇ ਬਿਆਨ ਦੇ ਕੇ ਸਾਡੇ ਦੇਸ਼ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਵਿਗਾੜਨ ਦੀ ਕੋਸ਼ਿਸ਼ ਕਰਦਾ ਹੈ।

ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਦੇ ਸੈਸ਼ਨ ਦੇ ਆਰੰਭ ਮੌਕੇ ਜਪੁਜੀ ਸਾਹਿਬ ਦੇ ਪਾਠ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਸੈਸ਼ਨ 2025-26 ਦੀ ਅਰੰਭਤਾ ਮੌਕੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਗਏ। ਸਾਰੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਪਾਠ ਸਰਵਣ ਕੀਤਾ। ਸਾਰੇ ਸਟਾਫ ਅਤੇ ਵਿਦਿਆਰਥੀਆਂ ਨੇ ਰਲ ਕੇ ਅਰਦਾਸ ਕੀਤੀ। ਇਸ ਮੌਕੇ ਸਕੂਲ ਦੇ ਐਮ.ਡੀ ਸੁਰਜੀਤ ਸਿੰਘ ਭਰੋਵਾਲ ਨੇ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਤੇ ਨਾਲ ਹੀ ਦੱਸਿਆ ਕਿ ਇਸ ਸਕੂਲ ਵਿੱਚ ਵਿਦਿਆਰਥੀਆਂ ਤੋਂ ਬਹੁਤ ਘੱਟ ਖਰਚਾ ਲੈ ਕੇ ਉਹਨਾਂ ਨੂੰ ਪੂਰੀ ਮਿਹਨਤ ਨਾਲ ਪੜ੍ਹਾਇਆ ਜਾਂਦਾ ਹੈ ਤੇ ਜਿਨ੍ਹਾਂ ਮਾਪਿਆਂ ਦੀ ਆਮਦਨ ਘੱਟ ਹੈ ਉਹਨਾਂ ਨੂੰ ਫੀਸ ਵਿੱਚ ਰਿਆਇਤ ਦਿੱਤੀ ਜਾਂਦੀ ਹੈ। ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਪ੍ਰਸ਼ਾਦ ਵੰਡਿਆ ਗਿਆ।

ਹਲਕਾ ਸੁਲਤਾਨਪੁਰ ਲੋਧੀ ਵਿੱਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਰਵਿੰਦਰ ਡਲਵੀ, ਨਵਤੇਜ ਸਿੰਘ ਚੀਮਾ, ਸੁਖਪਾਲ ਖਹਿਰਾ ਅਤੇ ਹੋਰ ਕਾਂਗਰਸੀ ਆਗੂ ।

(ਫੋਟੋ ਤੇ ਵੇਰਵਾ :- ਬਲਵਿੰਦਰ ਸਿੰਘ ਧਾਲੀਵਾਲ, ਸੁਲਤਾਨਪੁਰ ਲੋਧੀ)

ਨਵੀਂ ਸੋਚ ਨਵਾਂ ਪੰਜਾਬ ਨੂੰ ਲੈ ਕੇ ਸੁਲਤਾਨਪੁਰ ਲੋਧੀ 'ਚ ਅਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਰੈਲੀ ਨੂੰ ਸੰਬੋਧਨ ਕਰਦੇ ਹੋਏ।

(ਫੋਟੋ ਤੇ ਵੇਰਵਾ :- ਬਲਵਿੰਦਰ ਸਿੰਘ ਧਾਲੀਵਾਲ, ਸੁਲਤਾਨਪੁਰ ਲੋਧੀ)

ਠੱਕਰ ਸੰਧੂ ਵਿਖੇ ਕਰਵਾਇਆ ਕਬੱਡੀ ਟੂਰਨਾਮੈਂਟ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਧੰਨ ਧੰਨ ਬਾਬਾ ਦੀਪ ਸਿੰਘ ਦੀ ਯਾਦ ਨੂੰ ਸਮਰਪਤ ਸਰਪੰਚ ਗ੍ਰਾਮ ਪੰਚਾਇਤ ਐਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦੂਸਰਾ ਕਬੱਡੀ ਕੱਪ ਕਰਵਾਇਆ ਗਿਆ। ਮੁੱਖ ਮਹਿਮਾਨ ਮਾਰਕੀਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਣਕ ਮਹਿਤਾ, ਮਨਦੀਪ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਕਬੱਡੀ ਪ੍ਰਮੋਟਰ ਜਸਬੀਰ ਸਿੰਘ ਜੱਸਾ ਇਟਲੀ, ਦੀਪਾ ਬੱਜੋਮਾਨ, ਹਰਜੀਤ ਸਿੰਘ ਇਟਲੀ, ਮੇਜਰ ਸਿੰਘ ਇਟਲੀ ਵੱਲੋਂ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਫਾਈਨਲ ਮੁਕਾਬਲਾ ਸ੍ਰੀ ਗੁਰੂ ਅਰਜਨ ਦੇਵ ਠੱਕਰ ਸੰਧੂ ਕਲੱਬ, ਮਹਾਂਵੀਰ ਕਲੱਬ ਸ਼ਿਕਾਰ ਮਾਛੀਆਂ ਵਿਚਕਾਰ ਹੋਇਆ ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਕਲੱਬ ਜੇਤੂ ਰਿਹਾ। ਲੜਕੀਆਂ ਦਾ ਸ਼ੋ ਮੈਚ ਵੀ ਕਰਵਾਇਆ ਗਿਆ। ਕਬੱਡੀ ਮੈਚਾਂ ਦੀ ਕੁਮੈਂਟਰੀ ਸ਼ਿਵ ਯੋਧੇ, ਵਰਿੰਦਰ ਖੇਮਕਰਨ, ਮਨਜੀਤ ਬੁੱਲਟ, ਸਾਹਬ ਬੁੱਟਰ ਵਲੋਂ ਕੀਤੀ ਗਈ। ਨਾਨਕ ਸਿੰਘ, ਸਰਪੰਚ ਗਰੀਬ ਸਿੰਘ,ਐਡਵੋਕੇਟ ਨਰਿੰਦਰ ਸਿੰਘ ਸਿਧਵਾਂ ਮਨਿੰਦਰ ਪਾਲ ਸਿੰਘ ਘੁੰਮਣ ਬਲਾਕ, ਪ੍ਰਧਾਨ ਸ਼ਿੰਗਾਰਾ ਸਿੰਘ ਦਰਦੀ ਬਲਾਕ ਪ੍ਰਧਾਨ ਜਸਪਾਲ ਸਿੰਘ ਤੱਤਲਾ, ਦਰੋਗਾ, ਪ੍ਰਿੰਸੀਪਲ ਹਰਭਜਨ ਸਿੰਘ ਸੇਖੋਂ, ਐਸ ਐਚ ਓ ਹਰਜਿੰਦਰ ਸਿੰਘ ਰੰਧਾਵਾ, ਸੁਖਦੇਵ ਸਿੰਘ ਸੰਧੂ, ਕੈਪਟਨ ਦੀਦਾਰ ਸਿੰਘ, ਦਰਬਾਰਾ ਸਿੰਘ, ਮਾਸਟਰ ਬਲਵਿੰਦਰ ਸਿੰਘ, ਦੀਦਾਰ ਸਿੰਘ ਫੌਜੀ, ਗੁਰਦੇਵ ਸਿੰਘ ਮੈਂਬਰ ਪੰਚਾਇਤ, ਗੁਰਮੀਤ ਸਿੰਘ ਮੈਂਬਰ ਪੰਚਾਇਤ, ਸੁਲੱਖਣ ਸਿੰਘ ਮੈਂਬਰ ਪੰਚਾਇਤ, ਸੁਖਦੇਵ ਸਿੰਘ ਸੰਧੂ, ਗੁਰਦਿਆਲ ਸਿੰਘ ਸਾਬਕਾ ਮੈਂਬਰ ਪੰਚਾਇਤ, ਬਾਬਾ ਸਲਵਿੰਦਰ ਸਿੰਘ, ਬੱਬੂ ਨੰਬਰਦਾਰ ਬੁੱਟਰ ਕਲਾਂ, ਥੰਮਨ ਸਿੰਘ ਰਿਟਾਇਰ ਏ ਐਸ ਆਈ, ਹਰਦੀਪ ਸਿੰਘ ਫੌਜੀ, ਸਰਬਜੀਤ ਸਿੰਘ ਕੈਸ਼ੀਅਰ, ਸੁਖਬੀਰ ਸਿੰਘ ਕੈਸ਼ੀਅਰ, ਬਾਬਾ ਮੰਗਲ ਸਿੰਘ, ਸਰਦੂਲ ਸਿੰਘ ਸਾਬਕਾ ਮੈਂਬਰ ਪੰਚਾਇਤ, ਸੰਤੋਖ ਸਿੰਘ, ਚੌਂਚਲ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਪ੍ਰਾਇਮਰੀ ਸਕੂਲ ਫੱਜੂਪੁਰ 'ਚ ਇਨਾਮ ਵੰਡ ਸਮਾਗਮ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਰਕਾਰੀ ਪ੍ਰਾਇਮਰੀ ਸਕੂਲ ਫੱਜੂਪੁਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਦੇ ਮੁੱਖ ਅਧਿਆਪਕ ਜਗਜੀਤ ਸਿੰਘ ਦੇ ਪ੍ਰਬੰਧਾਂ ਹੇਠ ਹੋਇਆ। ਸਮਾਗਮ ਵਿੱਚ ਸੀ ਐਚ ਟੀ ਜਗਦੀਸ਼ ਰਾਜ ਬੈਂਸ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਮਾਗਮ ਦੌਰਾਨ ਬੱਚਿਆਂ ਨੇ ਕਵਿਤਾਵਾਂ ਗੀਤ ਤੇ ਹੋਰ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ। ਇਸ ਮੌਕੇ ਮੁੱਖ ਮਹਿਮਾਨ ਸੀ ਐਚ ਟੀ ਜਗਦੀਸ਼ ਰਾਜ ਬੈਂਸ, ਮੁੱਖ ਅਧਿਆਪਕ ਜਗਜੀਤ ਸਿੰਘ ਅਤੇ ਹੋਰ ਮਹਿਮਾਨਾਂ ਦੁਆਰਾ ਸਕੂਲ ਦੇ ਸਲਾਨਾ ਨਤੀਜਿਆਂ ਵਿੱਚੋਂ ਪੁਜੀਸ਼ਨਾਂ ਪ੍ਰਾਪਤ ਅਤੇ ਹੋਰ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੇ ਹੋਣਹਾਰ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਸੀ ਐਚ ਟੀ ਜਗਦੀਸ਼ ਰਾਜ ਬੈਂਸ ਨੇ ਸੰਬੋਧਨ ਕਰਦਿਆਂ ਹਾਜ਼ਰ ਬੱਚਿਆਂ ਦੇ ਮਾਤਾ ਪਿਤਾ ਅਤੇ ਪਿੰਡ ਦੇ ਪਤਵੰਤਿਆਂ ਨਾਲ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਰਕਾਰੀ ਸਹੂਲਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੁੱਖ ਅਧਿਆਪਕ ਜਗਜੀਤ ਸਿੰਘ ਨੇ ਸਮੂਹ ਪਿੰਡ ਵਾਸੀਆਂ ਨੂੰ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਾਉਣ ਦਾ ਸੁਨੇਹਾ ਦਿੱਤਾ।

ਖਾਲਸਾ ਪੰਥ ਸਾਜਨਾ ਦਿਵਸ ਕਮੇਟੀ ਦੇ ਮੈਂਬਰਾਂ ਦਾ ਵਿਸ਼ੇਸ਼ ਸਨਮਾਨ

ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)- ਰਿਆੜਕੀ ਇਲਾਕੇ ਦੇ ਨਾਮਵਰ ਪਿੰਡ ਹਰਚੋਵਾਲ ਵਿਖੇ ਗੁਰੂਦੁਆਰਾ ਰਾਜਾ ਰਾਮ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਟੂਰਨਾਮੈਂਟ ਕਮੇਟੀ ਅਤੇ ਗਰਾਮ ਪੰਚਾਇਤ ਵਲੋਂ ਧਾਰਮਿਕ ਸਮਾਗਮ ਅਤੇ ਕਬੱਡੀ ਕੱਪ ਕਰਵਾਇਆ ਗਿਆ। ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਦੌਰਾਨ ਇਲਾਕੇ ਦੀਆਂ ਕੁੱਝ ਨਾਮਵਰ ਸ਼ਖਸੀਅਤਾਂ ਅਤੇ ਸੰਸਥਾਵਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਖਾਲਸਾ ਪੰਥ ਸਾਜਨਾ ਦਿਵਸ ਕਮੇਟੀ ਦੇ ਮੈਂਬਰ ਦਿਲਬਾਗ ਸਿੰਘ ਬਸਰਾਵਾਂ ਅਤੇ ਉਸ ਦੇ ਸਾਥੀਆਂ ਬਾਬਾ ਨਰਿੰਦਰ ਸਿੰਘ, ਸੁੱਚਾ ਸਿੰਘ ਫੌਜੀ, ਹਰਜੀਤ ਸਿੰਘ ਰਿਆੜ, ਬਲਵਿੰਦਰ ਸਿੰਘ ਬਿੱਲੂ, ਡਾਕਟਰ ਗੁਰਵੰਤ ਸਿੰਘ ਨੀਟਾ, ਜਰਨੈਲ ਸਿੰਘ ਬਿੱਲੂ ਅਤੇ ਰਮੇਸ਼ ਸਿੰਘ ਆਦਿ ਨੂੰ ਸਾਂਝੇ ਤੌਰ ਤੇ ਸਨਮਾਨਿਤ ਕੀਤਾ। ਕਮੇਟੀ ਨਹਿਰ ਪੁਲ ਭਾਮੜੀ ਵਿਖੇ ਪਿਛਲੇ ਅੱਠ ਸਾਲਾਂ ਤੋਂ ਧਾਰਮਿਕ ਸਮਾਗਮ ਅਤੇ ਖੇਡਾਂ ਕਰਵਾਉਂਦੀ ਆ ਰਹੀ ਹੈ। ਇਸ ਸਮੇਂ ਧਰਮਿੰਦਰ ਸਿੰਘ ਸਰਪੰਚ, ਦਿਲਬਾਗ ਸਿੰਘ ਬੱਗੋ, ਪੱਪੂ ਕੰਡੀਲਾ, ਡਾਕਟਰ ਅਮਰਜੀਤ ਸਿੰਘ, ਐਸ ਐਚ ਓ ਹਰਜਿੰਦਰ ਸਿੰਘ, ਗੁਰਨੇਕ ਸਿੰਘ, ਬਖਸ਼ੀਸ਼ ਸਿੰਘ, ਸੁਖਚੈਨ ਸਿੰਘ, ਲਾਡੀ ਮਾਸਟਰ, ਰਣਜੋਧ ਸਿੰਘ ਪੱਡਾ, ਗੁਰਵਿੰਦਰ ਸਿੰਘ ਸਾਬੀ ਸਮੇਤ ਸਮੁੱਚੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਪਬਲਿਕ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ 100 ਫੀਸਦੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦਾ ਅੱਠਵੀਂ ਜਮਾਤ ਦਾ ਨਤੀਜਾ 100% ਰਿਹਾ। ਇਸ ਸਬੰਧੀ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਦੱਸਿਆ ਕਿ ਇਸ ਵਾਰ ਸਕੂਲ ਦੇ ਕੁੱਲ 103 ਵਿਦਿਆਰਥੀਆਂ ਨੇ ਅੱਠਵੀਂ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਰਾਧਿਕਾ ਨੇ 97.5 % ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ, ਸਹਿਜਪ੍ਰੀਤ ਕੌਰ ਨੇ 96.8 % ਅੰਕ ਲੈ ਕੇ ਦੂਜਾ, ਖੁਸ਼ੀ ਨੇ 94.3 % ਅੰਕ ਤੇ ਨਵਦੀਪ ਕੌਰ ਨੇ 94.3 % ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਜਦਕਿ ਹਰਪ੍ਰੀਤ ਕੌਰ ਨੇ 94%, ਰਮਨਪ੍ਰੀਤ ਕੌਰ ਨੇ 93.8% ਨੰਬਰ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ। ਇਹਨ੍ਹਾਂ ਤੋਂ ਇਲਾਵਾ 21 ਵਿਦਿਆਰਥੀਆਂ ਨ

6-APR-PAGE-4.qxd 4/5/2025 10:57 PM Page 1

ਕਿਸਾਨ ਜਥੇਬੰਦੀਆਂ ਨੇ ਟਰੰਪ ਤੇ ਮੋਦੀ ਦੇ ਪੁਤਲੇ ਫੂਕੇ

ਰਾਜਪੁਰਾ (ਰਮੇਸ਼ ਕਟਾਰੀਆ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਰਾਜਪੁਰਾ ਐੱਸ ਡੀ ਐੱਮ ਦਫਤਰ ਸਾਹਮਣੇ ਕਿਸਾਨ ਜਥੇਬੰਦੀਆਂ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਜਲਾਏ ਗਏ। ਟਰੰਪ ਵੱਲੋਂ ਲਗਾਏ ਗਏ ਨਵੇਂ ਟੈਕਸ, ਜੋ ਕਿ ਆਮ ਜਨਤਾ ਲਈ ਵੱਡੇ ਹੀ ਨੁਕਸਾਨਦਾਇਕ ਹਨ, ਇਨ੍ਹਾਂ ਟੈਕਸਾਂ ਦਾ ਵਿਰੋਧ ਕੀਤਾ ਗਿਆ, ਜਿਵੇਂ ਦੂਸਰੇ ਮੁਲਕਾਂ ਨੇ ਇਨ੍ਹਾਂ ਟੈਕਸਾਂ ਦਾ ਵਿਰੋਧ ਕੀਤਾ ਹੈ, ਪਰ ਭਾਰਤ ਨੇ ਇਨ੍ਹਾਂ ਨੂੰ ਹੂਬਹੂ ਸਵੀਕਾਰ ਕਰ ਲਿਆ ਹੈ। ਅਮਰੀਕਾ ਦੇ ਦਬਾਅ ਥੱਲੇ ਕੰਮ ਕਰਨ ਲਈ ਮੋਦੀ ਸਰਕਾਰ ਦਾ ਵਿਰੋਧ ਕੀਤਾ ਗਿਆ ਤੇ ਪੰਜਾਬ ਸਰਕਾਰ ਨੂੰ ਵੀ ਚੇਤਾਵਨੀ ਦਿੱਤੀ ਗਈ ਕਿ ਕਿਸਾਨਾਂ ਦਾ ਵਿਰੋਧ ਕਰਨ ਦੀ ਨੀਤੀ ਨੂੰ ਤਿਆਗ ਕੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਸਵੀਕਾਰ ਕੀਤਾ ਜਾਵੇ। ਇਸ ਮੌਕੇ ਕਿਸਾਨੀ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਅਹਿਦ ਵੀ ਕੀਤਾ ਗਿਆ। ਕਿਸਾਨਾਂ ਦੇ ਇਸ ਪ੍ਰਦਰਸ਼ਨ ਵਿੱਚ ਹਰਿੰਦਰ ਸਿੰਘ ਲਾਖਾ ਸ਼ਹੀਦ ਭਗਤ ਸਿੰਘ ਲੋਕ ਹਿੱਤ ਕਮੇਟੀ, ਗੁਰ ਸੇਵਕ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਰਜਿੰਦਰ ਸਿੰਘ, ਗੁਰਬਿੰਦਰ ਸਿੰਘ ਧੂੰਮਾਂ ਕੁੱਲ ਹਿੰਦ ਕਿਸਾਨ ਸਭਾ, ਨਿਸ਼ਾਨ ਸਿੰਘ, ਜਸਵੰਤ ਸਿੰਘ ਖੇੜੀ ਗੰਡਿਆ, ਜਾਗਰ ਸਿੰਘ ਲੰਬੜਦਾਰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਆਦਿ ਹਾਜ਼ਰ ਸਨ।

ਖੁਫੀਆ ਵਿਭਾਗ ਵੱਲੋਂ ਔਰਤਾਂ ਦੇ ਸਨਮਾਨ ਸੰਬੰਧੀ ਸੈਮੀਨਾਰ

ਮਾਨਸਾ (ਆਤਮਾ ਸਿੰਘ ਪਮਾਰ)-ਸ੍ਰੀ ਆਰ ਕੇ ਜੈਸਵਾਲ ਏ ਡੀ ਜੀ ਪੀ ਇੰਟੈਲੀਜੈਂਸ ਦੇ ਆਦੇਸ਼ਾਂ ਤੇ ਸ੍ਰੀਮਤੀ ਅਵਨੀਤ ਕੌਰ ਸਿੱਧੂ ਏ ਆਈ ਜੀ ਜ਼ੋਨਲ ਸੀ ਆਈ ਡੀ ਬਠਿੰਡਾ ਦੀਆਂ ਹਦਾਇਤਾਂ 'ਤੇ ਇੰਟੈਲੀਜੈਂਸ ਵਿਭਾਗ ਮਾਨਸਾ ਵੱਲੋਂ ਸੀ ਆਈ ਡੀ ਯੂਨਿਟ ਮਾਨਸਾ ਦੇ ਦਫ਼ਤਰ ਵਿਖੇ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ, ਠੀਕ ਵਿਵਹਾਰ ਤੇ ਲਿੰਗਕ ਭੇਦਭਾਵ ਨਾ ਕਰਨ ਸਬੰਧੀ ਸੈਮੀਨਾਰ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਵੱਲੋਂ ਔਰਤਾਂ ਦੇ ਹੱਕ ਵਿੱਚ ਭਾਵਪੂਰਕ ਦਲੀਲਾਂ ਦਿੰਦਿਆਂ ਹਾਜ਼ਰੀਨ ਨੂੰ ਔਰਤਾਂ ਦੇ ਸਨਮਾਨ ਤੇ ਸਤਿਕਾਰ ਬਾਰੇ ਸੁਚੇਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਔਰਤ ਤੇ ਮਰਦ ਵਿੱਚ ਕੋਈ ਵਖਰੇਵਾਂ ਨਹੀਂ ਹੈ, ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮਜ਼ ਦੀਆਂ ਉਦਾਹਰਣਾਂ ਸਭ ਦੇ ਸਾਹਮਣੇ ਹਨ, ਇਸ ਲਈ ਸੀ.ਆਈ.ਡੀ. ਵਿੱਚ ਕੰਮ ਕਰਦੀਆਂ ਬਹਾਦਰ ਲੜਕੀਆਂ 'ਤੇ ਸਾਨੂੰ ਮਾਣ ਹੈ।ਉਮੀਦ ਹੈ ਕਿ ਉਹ ਵਿਭਾਗ ਦੇ ਕੰਮ ਵਿੱਚ ਵਧ ਚੜ੍ਹ ਕੇ ਹੋਰ ਯੋਗਦਾਨ ਪਾਉਂਦੀਆਂ ਰਹਿਣਗੀਆਂ।ਇਸ ਮੌਕੇ ਇਸ ਸਮੇਂ ਇੰਸਪੈਕਟਰ ਮਲਕੀਤ ਸਿੰਘ, ਐੱਸ ਆਈ ਏ ਮੁਖਜੀਤ ਸਿੰਘ, ਐੱਸ ਆਈ ਏ ਜਗਜੀਤ ਸਿੰਘ, ਰਾਜਵਿੰਦਰ ਕੌਰ, ਰੁਪਿੰਦਰ ਕੌਰ, ਇੰਦਰਜੀਤ ਕੌਰ ਸਮੇਤ ਕਰੀਬ 25/30 ਮੁਲਾਜ਼ਮ (ਸਮੇਤ ਮਹਿਲਾ ਕਰਮਚਾਰੀ) ਹਾਜ਼ਰ ਸਨ।

ਪ੍ਰੀ-ਪ੍ਰਾਇਮਰੀ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਤੇ ਇਨਾਮ ਵੰਡ ਸਮਾਗਮ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਫੂਲ (ਲੜਕੇ) ਵਿਖੇ ਮੁੱਖ ਅਧਿਆਪਕ ਅੰਜੂ ਬਾਲਾ ਦੀ ਰਹਿਨੁਮਾਈ ਹੇਠ ਪ੍ਰੀ ਪ੍ਰਾਇਮਰੀ ਬੱਚਿਆਂ ਦੀ ਗਰੈਜੂਏਸ਼ਨ ਸੈਰੇਮਨੀ ਤੇ ਪ੍ਰਾਇਮਰੀ ਬੱਚਿਆਂ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ।ਸਮਾਗਮ ਦੌਰਾਨ ਪਤਵੰਤੇ ਸੱਜਣਾਂ ਤੇ ਬੱਚਿਆਂ ਦੇ ਮਾਤਾ-ਪਿਤਾ ਨੇ ਸ਼ਮੂਲੀਅਤ ਕੀਤੀ।ਜਾਣਕਾਰੀ ਦਿੰਦਿਆਂ ਮੁੱਖ ਅਧਿਆਪਕ ਅੰਜੂ ਬਾਲਾ ਨੇ ਦੱਸਿਆ ਕਿ ਸਮਾਗਮ ਦੌਰਾਨ ਪਿਛਲੇ ਸਮੇਂ ਦਾਨੀ ਸੱਜਣਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਵੀ ਚਾਨਣਾ ਪਾਇਆ ਗਿਆ ਤੇ ਬੱਚਿਆਂ ਦੀ ਸਾਲਾਨਾ ਕਾਰਗੁਜ਼ਾਰੀ ਨੂੰ ਮੁੱਖ ਰੱਖਦਿਆਂ ਵਧੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।ਇਸ ਸਮਾਗਮ ਦੌਰਾਨ ਬੱਚਿਆਂ ਸਮੇਤ ਮਾਪਿਆਂ ਨੇ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ।ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਗੀਤ ਨਾਲ ਕੀਤੀ ਗਈ ਤੇ ਬੱਚਿਆਂ ਦੇ ਪ੍ਰੋਗਰਾਮ ਵਿੱਚ ਸਵਾਗਤ ਗੀਤ, ਡਾਂਸ, ਕੋਰੀਓਗ੍ਰਾਫੀ, ਨਾਟਕ, ਭੰਗੜਾ ਤੇ ਗਿੱਧੇ ਦੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ।ਇਸ ਮੌਕੇ ਸਕੂਲ ਸਟਾਫ ਵੱਲੋਂ ਵਿਸ਼ੇਸ਼ ਮਹਿਮਾਨਾਂ ਤੇ ਪਤਵੰਤੇ ਦਾਨੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਇਸ ਮੌਕੇ ਮੁੱਖ ਅਧਿਆਪਕ ਅੰਜੂ ਬਾਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਤੇ ਬੱਚਿਆਂ ਦੇ ਮਾਤਾ-ਪਿਤਾ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਕਾਰਵਾਈ ਗੁਰਪ੍ਰੀਤ ਕੌਰ ਨੇ ਬਾਖੂਬੀ ਨਿਭਾਈ।ਇਸ ਮੌਕੇ ਕਰਨੈਲ ਸਿੰਘ ਮਾਨ ਕੌਂਸਲਰ, ਪਰਵਿੰਦਰ ਕੌਰ ਕੌਂਸਲਰ ਪਤਨੀ ਜਗਦੀਪ ਸਿੰਘ, ਮੱਖਣ ਸਿੰਘ ਬੁੱਟਰ, ਮਾਸਟਰ ਝੰਡਾ ਸਿੰਘ (ਰਿਟਾਇਰਡ ਅਧਿਆਪਕ), ਮਾਸਟਰ ਜਗਰੂਪ ਸਿੰਘ (ਰਿਟਾਇਰਡ ਅਧਿਆਪਕ), ਗੁਰਪ੍ਰੀਤ ਸਿੰਘ (ਬੀ ਪੀ ਈ ਓ), ਰਵਿੰਦਰ ਕੌਰ ਇੰਚਾਰਜ (ਸਸਸਸ) ਫੂਲ ਟਾਊਨ, ਸਮੂਹ ਮੈਂਬਰ ਕਮੇਟੀ ਮੰਦਰ ਬੀਬੀ ਪਾਰੋ, ਕਮੇਟੀ ਮੈਂਬਰ ਗੁਰਦੁਆਰਾ ਸਾਹਿਬ ਬਾਬਾ ਫੂਲ ਤੋਂ ਇਲਾਵਾ ਸਕੂਲ ਸਟਾਫ ਤੇ ਐੱਸ ਐੱਮ ਸੀ ਕਮੇਟੀ ਦੇ ਚੇਅਰਮੈਨ ਕਸ਼ਮੀਰ ਸਿੰਘ ਅਤੇ ਮੈਂਬਰ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਹਰ ਵਰਗ ਤੇ ਹਰ ਧਰਮ ਦੇ ਵਿਕਾਸ ਲਈ ਵਚਨਬੱਧ : ਭੂੰਦੜ

ਸਰਦੂਲਗੜ੍ਹ (ਅਵਤਾਰ ਜਟਾਣਾ)-ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮਾਨਸਾ ਮੈਂਬਰਸ਼ਿਪ ਭਰਤੀ ਤੋਂ ਬਾਅਦ ਸਮੁੱਚੀ ਜਥੇਬੰਦੀ ਦੀ ਮੀਟਿੰਗ ਸ੍ਰ. ਬਲਵਿੰਦਰ ਸਿੰਘ ਭੂੰਦੜ ਕਾਰਜਕਾਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡੈਲੀਗੇਟ ਚੁਣਨ ਦੇ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸਰਬਸੰਮਤੀ ਨਾਲ ਸਾਰਿਆਂ ਨੇ ਪ੍ਰਵਾਨ ਕਰਕੇ ਦਿੱਤੇ।ਇਸ ਮੌਕੇ ਸੰਬੋਧਨ ਕਰਦਿਆਂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਦੇ ਵਰਕਰਾਂ ਵੱਲੋਂ ਜੋ ਭਰਤੀ ਮੁਹਿੰਮ ਪਿੰਡਾਂ ਵਿੱਚ ਚਲਾਈ ਗਈ, ਉਹ ਸ਼ਲਾਘਾਯੋਗ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹਰ ਵਰਗ, ਹਰ ਧਰਮ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ ਤੇ ਰਹੇਗਾ।ਇਸ ਮੌਕੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਤੇ ਮਾਨਸਾ ਦੇ ਅਬਜ਼ਰਵਰ ਦਿਲਰਾਜ ਸਿੰਘ ਭੂੰਦੜ, ਸਹਿ ਅਬਜ਼ਰਵਰ ਅਕਾਸ਼ਦੀਪ ਸਿੰਘ ਮਿੱਡੂਖੇੜਾ, ਮਾਨਸਾ ਹਲਕਾ ਇੰਚਾਰਜ ਪ੍ਰੇਮ ਅਰੋੜਾ, ਬੁਢਲਾਡਾ ਤੋਂ ਹਲਕਾ ਇੰਚਾਰਜ ਡਾ ਨਿਸ਼ਾਨ ਸਿੰਘ, ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਫਫੜੇ, ਸ਼ਹਿਰੀ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਸੋਢੀ, ਯੂਥ ਪ੍ਰਧਾਨ ਹਨੀਸ਼ ਬਾਂਸਲ, ਗੁਰਪ੍ਰੀਤ ਸਿੰਘ ਝੱਬਰ, ਸੁਰਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੱਲਮ ਸਿੰਘ ਕਲੀਪੁਰ ਨੇ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਚੈਨੇਵਾਲਾ, ਰਾਜਿੰਦਰ ਸਿੰਘ ਚਕੇਰੀਆ, ਗੁਰਪਾਲ ਸਿੰਘ ਠੇਕੇਦਾਰ, ਕਰਮਜੀਤ ਕੌਰ ਸਮਾਓਂ, ਸੁਰਜੀਤ ਸਿੰਘ ਬਾਜੇਵਾਲਾ, ਲਾਭ ਕੌਰ ਮੂਸਾ, ਤਰਸੇਮ ਚੰਦ ਭੋਲੀ, ਮੇਵਾ ਸਿੰਘ ਸਰਪੰਚ, ਬਲਦੇਵ ਸਿੰਘ ਮੀਰਪੁਰ, ਬੋਘਾ ਸਿੰਘ ਗੇਹਲੇ, ਸੰਦੀਪ ਸਿੰਘ ਗਾਗੋਵਾਲ, ਕਸ਼ਮੀਰ ਸਿੰਘ ਚਹਿਲ, ਗੁਰਪ੍ਰੀਤ ਸਿੰਘ ਚਹਿਲ, ਆਤਮਜੀਤ ਸਿੰਘ ਕਾਲਾ, ਬਲਦੇਵ ਸਿੰਘ ਸਿਰਸੀਵਾਲਾ, ਐਡਵੋਕੇਟ ਕੇ ਐੱਸ ਮਠਾੜੂ, ਜਸਵਿੰਦਰ ਸਿੰਘ ਚਕੇਰੀਆ ਆਦਿ ਹਾਜ਼ਰ ਸਨ।

ਭਰਤੀ ਮੁਹਿੰਮ ਨੂੰ ਸੂਬੇ ਭਰ 'ਚ ਮਿਲ ਰਿਹੈ ਭਰਵਾਂ ਹੁੰਗਾਰਾ : ਇਯਾਲੀ

ਜਗਰਾਉਂ (ਸੰਜੀਵ ਅਰੋੜਾ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਪੰਜ ਮੈਂਬਰੀ ਕਮੇਟੀ ਵੱਲੋਂ ਸੂਬੇ ਭਰ 'ਚ ਸ਼ੁਰੂ ਕੀਤੀ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪਣੇ ਪੱਧਰ 'ਤੇ ਇਸ ਮੁਹਿਮ ਨਾਲ ਜੁੜ ਕੇ ਮਾਣ ਮਹਿਸੂਸ ਕਰ ਰਹੇ ਹਨ। ਅੱਜ ਇਹ ਭਰਤੀ ਮੁਹਿੰਮ ਪਿੰਡ ਤਲਵੰਡੀ ਖੁਰਦ ਵਿਖੇ ਹੋਈ, ਜਿੱਥੇ ਵੱਡੀ ਗਿਣਤੀ 'ਚ ਜੁੜੇ ਲੋਕਾਂ ਨੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਇਸ ਮੁਹਿੰਮ ਨਾਲ ਜੁੜਨਾ ਚਾਹੀਦਾ ਹੈ, ਕਿਉਂਕਿ ਇਹ ਮੁਹਿੰਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਚੱਲ ਰਹੀ ਹੈ। ਇਸ ਮੌਕੇ ਹਲਕਾ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਅੱਜ ਸੂਬੇ ਅੰਦਰ ਭਰਤੀ ਮੁਹਿੰਮ ਸਬੰਧੀ ਲੋਕਾਂ ਅੰਦਰ ਭਾਰੀ ਉਤਸ਼ਾਹ ਹੈ। ਉਨ੍ਹਾ ਕਿਹਾ ਕਿ ਅੱਜ ਪੰਜਾਬ ਨੂੰ ਸਿਆਸੀ ਤਜਰਬੇ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ ਤੇ ਪੰਜਾਬ ਨੂੰ ਹਰ ਖੇਤਰ ਤੋਂ ਲੁੱਟਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬੀਆਂ ਨੇ ਹਰ ਖੇਤਰ ਵਿੱਚ ਬਹੁਤ ਯੋਗਦਾਨ ਪਾਇਆ, ਦੁਨੀਆ ਭਰ ਦੇ ਹਰ ਕੋਨੇ ਵਿੱਚ ਪੰਜਾਬੀਆਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਅੱਜ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਸਾਡੇ ਭਰਾਵਾਂ ਨਾਲ ਵੱਡੀ ਲੁੱਟ ਕਰ ਰਹੇ ਹਨ। ਉਨ੍ਹਾ ਕਿਹਾ ਕਿ ਕੌਮ ਦੀਆਂ ਸਿਰਮੌਰ ਸੰਸਥਾਵਾਂ ਨੂੰ ਅੱਜ ਢਾਅ ਲਗਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪਾਰਟੀ ਅੰਦਰ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਦੀ ਲੋੜ ਹੈ ਤਾਂ ਜੋ ਸਿਆਸੀ ਤਾਕਤ ਤੇ ਫੈਸਲੇ ਲੈਣ ਦੀ ਤਾਕਤ ਇੱਕ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਾ ਰਹੇ। ਇਸ ਲਈ ਆਉਣ ਵਾਲੇ ਸਮੇਂ ਅੰਦਰ ਪਾਰਟੀ ਦੇ ਸੰਵਿਧਾਨ ਵਿੱਚ ਜ਼ਰੂਰੀ ਵੱਡੀਆਂ ਸੋਧਾਂ ਕੀਤੀਆਂ ਜਾਣਗੀਆਂ। ਇਸ ਮੌਕੇ ਸਰਪੰਚ ਹਰਮਿੰਦਰ ਸਿੰਘ ਸਰਾਂ, ਕੁਲਦੀਪ ਸਿੰਘ ਧਨੋਆ, ਅਜਮੇਰ ਸਿੰਘ, ਪੰਚ ਬਾਰਾ ਸਿੰਘ, ਪੰਚ ਪ੍ਰਮਿੰਦਰ ਸਿੰਘ, ਪੰਚ ਸੁਰਿੰਦਰ ਸਿੰਘ, ਪੰਚ ਗੁਰਮੀਤ ਸਿੰਘ, ਪੰਚ ਮੱਖਣ ਸਿੰਘ, ਪੰਚ ਗੁਰਮੀਤ ਸਿੰਘ, ਪੰਚ ਜਗਰਾਜ ਸਿੰਘ ਰਾਜਾ, ਪੰਚ ਜਗਦੀਪ ਸਿੰਘ ਦੀਪਾ, ਪ੍ਰਧਾਨ ਗੁਰਚਰਨ ਸਿੰਘ, ਡਾ: ਪ੍ਰੇਮ ਸਿੰਘ, ਸਿਕੰਦਰ ਸਿੰਘ, ਪੰਚ ਰੁਪਿੰਦਰ ਸਿੰਘ, ਪਰਮਜੀਤ ਸਿੰਘ ਪੰਮੀ, ਗੁਰਵੀਰ ਸਿੰਘ ਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

ਗੁਰੂ ਨਾਨਕ ਨੈਸ਼ਨਲ ਕਾਲਜ ਨੂੰ ਬੈੱਸਟ ਪ੍ਰਫਾਰਮਿੰਗ ਇੰਸਟੀਚਿਊਟ ਐਲਾਨਿਆ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਨੂੰ ਨੈਸ਼ਨਲ ਐਜੂ ਟਰੱਸਟ ਆਫ਼ ਇੰਡੀਆ ਦੁਆਰਾ ਆਯੋਜਤ ਤੀਹ ਰੋਜ਼ਾ ਫਿਟਨੈੱਸ ਚੈਲੇਂਜ ਵਿੱਚ ਵਧੀਆ ਪ੍ਰਦਰਸ਼ਨ ਲਈ ਬੈਸਟ ਪ੍ਰਫਾਰਮਿੰਗ ਇੰਸਟੀਚਿਊਟ ਐਲਾਨਿਆ ਗਿਆ।ਇਹ ਜਾਣਕਾਰੀ ਦਿੰਦਿਆਂ ਫ਼ਿਟਨੈੱਸ ਚੈਲੇਂਜ ਦੇ ਨੋਡਲ ਅਫ਼ਸਰ ਪ੍ਰੋ. ਸਨਦੀਪ ਸਿੰਘ ਹੁੰਦਲ ਨੇ ਦੱਸਿਆ ਕਿ ਨੈਸ਼ਨਲ ਐਜੂ ਟਰੱਸਟ ਆਫ਼ ਇੰਡੀਆ ਵੱਲੋਂ 20 ਫ਼ਰਵਰੀ 2025 ਤੋਂ 21 ਮਾਰਚ 2025 ਤੱਕ ਫਿਟਨੈੱਸ ਚੈਲੇਂਜ ਚਲਾਇਆ ਗਿਆ, ਜਿਸ ਵਿੱਚ ਇਲਾਕੇ ਦੇ 202 ਕਾਲਜਾਂ ਨੇ ਹਿੱਸਾ ਲਿਆ।ਇਸ ਚੈਲੇਂਜ ਵਿੱਚ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਦੀ ਰਹਿਨੁਮਾਈ ਤੇ ਮਾਰਗਦਰਸ਼ਨ ਹੇਠ ਵਿਦਿਆਰਥੀਆਂ ਤੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਨੇ ਬੜੇ ਉਤਸ਼ਾਹ ਨਾਲ਼ ਹਿੱਸਾ ਲਿਆ।ਇਸ ਫ਼ਿਟਨੈੱਸ ਚੈਲੇਂਜ ਦੀ ਸਮਾਪਤੀ ਉਪਰੰਤ ਨੈਸ਼ਨਲ ਐਜੂ ਟਰੱਸਟ ਆਫ਼ ਇੰਡੀਆ ਵੱਲੋਂ ਨਤੀਜਿਆਂ ਦਾ ਐਲਾਨ ਕੀਤਾ ਗਿਆ ਅਤੇ ਇਨ੍ਹਾਂ ਨਤੀਜਿਆਂ ਵਿੱਚ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਪਹਿਲੇ ਸਥਾਨ 'ਤੇ ਰਹਿੰਦਿਆਂ ਫਿਟੈਸਟ ਪ੍ਰਿੰਸੀਪਲ ਦਾ ਸਨਮਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ 202 ਕਾਲਜਾਂ ਵਿੱਚੋਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਨੂੰ ਸਰਬੋਤਮ ਪ੍ਰਦਰਸ਼ਨ ਕਰਨ ਵਾਲ਼ੀ ਸੰਸਥਾ ਐਲਾਨਿਆ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਹਾਜ਼ਰ ਕਾਲਜ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ ਨੇ ਕਾਲਜ ਪ੍ਰਿੰਸੀਪਲ ਨੂੰ ਵਧਾਈ ਦਿੰਦਿਆਂ ਸਮੂਹ ਸਟਾਫ਼ ਦੀ ਹੌਂਸਲਾ-ਅਫ਼ਜ਼ਾਈ ਕੀਤੀ।ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸੰਬੰਧਤ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

ਬੀ ਕੇ ਯੂ ਏਕਤਾ ਡਕੌਂਦਾ ਨੇ ਡੋਨਾਲਡ ਟਰੰਪ ਤੇ ਮੋਦੀ ਦਾ ਫੂਕਿਆ ਪੁਤਲਾ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਟਰੰਪ ਤੇ ਮੋਦੀ ਦਾ ਤਹਿਸੀਲ

6-APR-PAGE-5.qxd 4/5/2025 10:56 PM Page 1

ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਧਰਮ ਨਿਰਪੱਖ ਸ਼ਕਤੀਆਂ ਦੀ ਅਗਵਾਈ ਸਮੇਂ ਦੀ ਮੁੱਖ ਲੋੜ : ਚੌਹਾਨ

■ ਸੀ ਪੀ ਆਈ ਦੀ ਬੁਢਲਾਡਾ ਰੈਲੀ ਇਤਿਹਾਸਕ ਹੋਵੇਗੀ

ਬੁਢਲਾਡਾ (ਅਸ਼ੋਕ ਲਾਕੜਾ)-ਪਿਛਲੇ ਡੇਢ ਦਹਾਕੇ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਅਮਿਤ ਸ਼ਾਹ-ਮੋਦੀ ਜੁੰਡਲੀ ਨੇ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਤੇ ਕਾਰਪੋਰੇਟ ਘਰਾਣਿਆਂ ਤੇ ਸਰਮਾਏਦਾਰ ਨੂੰ ਦੇਸ਼ ਦੀ ਸੰਪਤੀ ਤੋਂ ਕੁਦਰਤੀ ਸਰੋਤਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਲਈ ਵੱਖ ਵੱਖ ਫਿਰਕਿਆਂ ਵਿੱਚ ਜਾਤੀ ਤੇ ਧਾਰਮਿਕ ਜ਼ਹਿਰ ਫੈਲਾਅ ਕੇ ਫਿਰਕਾਪ੍ਰਸਤੀ ਦਾ ਸਹਾਰਾ ਲੈ ਭਾਈ ਚਾਰਕ ਸਾਂਝ ਨੂੰ ਕਮਜ਼ੋਰ ਕਰ ਰਹੀ ਹੈ, ਜਿਸ ਕਾਰਨ ਭਾਈਚਾਰਕ ਸਾਂਝ ਨੂੰ ਮਜ਼ਬੂਤ ਤੇ ਜੋੜ ਕੇ ਰੱਖਣ ਲਈ ਧਰਮ ਨਿਰਪੱਖ ਸ਼ਕਤੀਆਂ ਦੀ ਅਗਵਾਈ ਸਮੇਂ ਦੀ ਮੁੱਖ ਲੋੜ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਸਬ ਡਵੀਜ਼ਨ ਬੁਢਲਾਡਾ ਦੀ ਸਰਗਰਮ ਲੀਡਰਸ਼ਿਪ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਦੇਸ਼ ਦੀ ਏਕਤਾ ਅਖੰਡਤਾ ਤੇ ਸੰਵਿਧਾਨ ਦੀ ਦੀ ਰਾਖੀ ਲਈ ਮਜ਼ਬੂਤ ਜਥੇਬੰਧਕ ਢਾਂਚੇ ਦੀ ਉਸਾਰੀ ਕਰਨਾ ਜ਼ਰੂਰੀ ਹੈ।

ਇਸ ਮੌਕੇ ਪਾਰਟੀ ਲੀਡਰਸ਼ਿਪ ਸੀਤਾਰਾਮ ਗੋਬਿੰਦਪੁਰਾ, ਮਲਕੀਤ ਸਿੰਘ ਮੰਦਰਾਂ ਤੇ ਜਗਸੀਰ ਸਿੰਘ ਰਾਏ ਕੇ ਆਦਿ ਨੇ ਸੂਬੇ ਦੀ ਮਾਨ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਦੀ ਜਨਤਾ ਨੂੰ ਕਿਸਾਨਾ ਮਜ਼ਦੂਰਾਂ ਦੇ ਕਰਜ਼ਾ ਮੁਆਫ਼ੀ, ਨੌਜਵਾਨਾ ਲਈ ਰੁਜ਼ਗਾਰ ਤੇ ਛੋਟੇ ਕਾਰੋਬਾਰੀਆਂ ਰਿਆਇਤ ਆਮ ਲੋਕਾਂ ਨੂੰ ਖੁਸ਼ਹਾਲ ਕਰਨ ਲਈ ਗੁੰਮਰਾਹ ਕਰ ਕੇ ਸੱਤਾ ਹਥਿਆਈ ਸੀ, ਪ੍ਰੰਤੂ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਦੂਸਰੀਆਂ ਰਿਵਾਇਤੀ ਧਿਰਾਂ ਵਾਂਗ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਉਨ੍ਹਾਂ ਚੋਣਾਂ ਮੌਕੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੇ ਔਰਤਾਂ ਲਈ ਇਕ ਹਜ਼ਾਰ ਤੁਰੰਤ ਜਾਰੀ ਕੀਤੇ ਜਾਣ ਦੀ ਮੰਗ ਕੀਤੀ।

ਮੀਟਿੰਗ ਮੌਕੇ ਸੀ ਪੀ ਆਈ ਦੀ ਹੋਣ ਵਾਲੀ ਬੁਢਲਾਡਾ ਰੈਲੀ ਤੇ ਪਾਰਟੀ ਦੀ 25 ਵੀਂ ਚੰਡੀਗੜ੍ਹ ਪਾਰਟੀ ਕਾਂਗਰਸ ਦੀ ਸਫਲਤਾ ਦੀ ਜ਼ੋਰਦਾਰ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਪਾਰਟੀ ਵੱਲੋਂ ਜ਼ਿਲ੍ਹਾ ਪੱਧਰੀ ਤਿਆਰੀ ਸਬੰਧੀ ਸਬੰਧੀ ਪਾਰਟੀ ਪ੍ਰੋਗਰਾਮ ਆਮ ਲੋਕਾਂ ਦੀ ਸਮਝ ਬਣਾ ਕੇ ਲੋਕ ਪੱਖੀ ਵਿਚਾਰਧਾਰਾ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।ਫੰਡ ਮੁਹਿੰਮ, ਜਨਤਕ ਕਣਕ ਉਗਰਾਹੀ, ਜ਼ਿਲ੍ਹਾ ਪੱਧਰੀ ਤਿਆਰੀਆਂ, ਪ੍ਰਚਾਰ ਆਦਿ ਮਾਮਲਿਆਂ ਸਬੰਧੀ ਚਰਚਾ ਕੀਤੀ ਗਈ ਤੇ ਲੀਡਰਸ਼ਿਪ ਤੇ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।ਮੀਟਿੰਗ ਦਾ ਅਰੰਭ ਸਕੱਤਰ ਸਬ ਡਵੀਜ਼ਨ ਕਾਮਰੇਡ ਵੇਦ ਪ੍ਰਕਾਸ਼ ਬੁਢਲਾਡਾ ਦੀ ਧਰਮ ਪਤਨੀ ਬੀਬੀ ਸੁਨੀਤਾ ਰਾਣੀ ਤੇ ਔਰਤ ਤੇ ਪਾਰਟੀ ਦੇ ਸੀਨੀਅਰ ਆਗੂ ਬੀਬੀ ਮਨਜੀਤ ਕੌਰ ਗਾਮੀਵਾਲਾ ਦੇ ਬੇ ਵਕਤੀ ਵਿਛੋੜੇ ਕਰਕੇ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਕਾਮਰੇਡ ਹਰੀ ਸਿੰਘ ਅੱਕਾਂ ਵਾਲੀ ਦੀ ਪ੍ਰਧਾਨਗੀ ਹੇਠ ਹੋਈ। ਜ਼ਿਕਰਯੋਗ ਹੈ ਕਿ ਕਾਮਰੇਡ ਹਰਦੇਵ ਸਿੰਘ ਅਰਸ਼ੀ ਵੱਲੋਂ ਕਰਵਾਏ ਖੱਬੇ ਚੂਲੇ ਦੇ ਅਪ੍ਰੇਸ਼ਨ ਹੋਣ ਕਰਕੇ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ।

ਮੀਟਿੰਗ ਮੌਕੇ ਹੋਰਨਾਂ ਤੋਂ ਇਲਾਵਾ ਸ਼ਹਿਰੀ ਸਕੱਤਰ ਰਘੂਨਾਥ ਸਿੰਗਲਾ, ਹਰਦਿਆਲ ਸਿੰਘ ਦਾਤੇਵਾਸ, ਹਰਕੇਸ਼ ਮੰਡੇਰ, ਜਗਤਾਰ ਸਿੰਘ ਕਾਲਾ, ਹਰਮੀਤ ਬੋੜਾਵਾਲ, ਭੁਪਿੰਦਰ ਗੁਰਨੇ, ਸੁਖਦੇਵ ਬੋੜਾਵਾਲ, ਗੋਰਾ ਟਾਹਲੀਆਂ, ਕਰਨੈਲ ਦਾਤੇਵਾਸ, ਪਵਨ ਬੁਢਲਾਡਾ, ਸੁਲੱਖਣ ਸਿੰਘ ਕਾਹਨਗੜ੍ਹ, ਅਸ਼ੋਕ ਲਾਕੜਾ, ਸੁਖਵਿੰਦਰ ਅੱਕਾਂ ਵਾਲੀ, ਜਗਸੀਰ ਟਾਹਲੀਆਂ, ਗੁਰਮੇਲ ਬਰੇਟਾ, ਮਲਕੀਤ ਬਖਸ਼ੀਵਾਲਾ, ਜੰਟੀ ਬਰੇਟਾ, ਜਗਨਨਾਥ ਬੋਹਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਮੌਤਾਂ, ਦੋ ਜ਼ਖਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਵੱਖ-ਵੱਖ ਸੜਕ ਹਾਦਸਿਆਂ 'ਚ ਇੱਕ ਅਣਪਛਾਤੇ ਸਣੇ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਅਤੇ ਦੋ ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੋਹਾਲੀ ਵਿਖੇ ਸਕਿਓਰਟੀ ਗਾਰਡ ਦੀ ਡਿਊਟੀ ਕਰਨ ਵਾਲੇ ਜਸਵੀਰ ਸਿੰਘ ਤੇ ਹਸਨਪ੍ਰੀਤ ਸਿੰਘ ਵਾਸੀਆਨ ਪਿੰਡ ਫ਼ਤਹਿਪੁਰ ਅਰਾਈਆਂ 31 ਮਾਰਚ ਤੇ 1 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਕਰੀਬ 12.30 ਵਜੇ ਘਰ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੋਹਾਲੀ ਲਈ ਰਵਾਨਾ ਹੋਏ ਸਨ ਜੋ ਕਿ ਜਦੋਂ ਜੋਧਪੁਰ ਪੁਲਸ ਲਾਈਨ ਨਜ਼ਦੀਕ ਪੁੱਜੇ ਤਾਂ ਇੱਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਦੋਵੇਂ ਮੋਟਰਸਾਈਕਲ ਸਮੇਤ ਨੇੜਲੇ ਕਣਕ ਦੇ ਖੇਤ ਵਿੱਚ ਜਾ ਡਿੱਗੇ ਤੇ ਗੰਭੀਰ ਜ਼ਖਮੀ ਹੋ ਗਏ।ਇਸ ਹਾਦਸੇ 'ਚ ਜ਼ਖਮੀ ਹੋਏ ਜਸਵੀਰ ਸਿੰਘ ਦੀ ਹਾਲਤ ਨਾਜ਼ੁਕ ਦੇਖਦੇ ਹੋਏ ਡਾਕਟਰਾਂ ਵੱਲੋਂ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਗਿਆ ਸੀ, ਜਿੱਥੇ ਇਲਾਜ ਦੌਰਾਨ ਜਸਵੀਰ ਸਿੰਘ (35) ਦੀ ਮੌਤ ਹੋ ਗਈ।ਹਸਨਪ੍ਰੀਤ ਸਿੰਘ ਦੇ ਬਿਆਨਾਂ 'ਤੇ ਕਾਰ ਦੇ ਨਾਮਾਲੂਮ ਚਾਲਕ ਵਿਰੁੱਧ ਕੇਸ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਇੱਕ ਵੱਖਰੇ ਮਾਮਲੇ 'ਚ ਇੱਕ ਨਿੱਜੀ ਹਸਪਤਾਲ 'ਚ ਜ਼ੇਰੇ ਇਲਾਜ ਦਿਲਬਾਗ ਸਿੰਘ ਵਾਸੀ ਪਿੰਡ ਰੁਪਾਲਹੇੜੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਥਾਣਾ ਮੂਲੇਪੁਰ ਵਿਖੇ ਬਤੌਰ ਸਹਾਇਕ ਥਾਣੇਦਾਰ ਵਜੋਂ ਤਾਇਨਾਤ ਹੈ ਤੇ ਬੀਤੇ ਦਿਨੀਂ ਉਹ ਜਦੋਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੂਲੇਪੁਰ ਤੋਂ ਪਿੰਡ ਭੈਰੋਂ ਪੁਰ ਵੱਲ ਨੂੰ ਜਾ ਰਿਹਾ ਸੀ ਤਾਂ ਸਿੱਧੂ ਰੈਸਟੋਰੈਂਟ ਸਰਹਿੰਦ ਨਜ਼ਦੀਕ ਪਹੁੰਚਣ 'ਤੇ ਸਾਹਮਣੇ ਤੋਂ ਤੇਜ਼ ਰਫ਼ਤਾਰ ਨਾਲ ਆ ਰਹੀ ਇਨੋਵਾ ਗੱਡੀ ਪੀ.ਬੀ.82-0039 ਨੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸਦੇ ਕਾਫੀ ਸੱਟਾਂ ਲੱਗੀਆਂ।ਇਨੋਵਾ ਕਾਰ ਦੇ ਕਥਿਤ ਡਰਾਇਵਰ ਜਗਤਾਰ ਸਿੰਘ ਵਾਸੀ ਅਮਲੋਹ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਚੌਕੀ ਨਬੀਪੁਰ ਦੇ ਇੰਚਾਰਜ ਥਾਣੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਦਾਲੋਮਾਜਰਾ ਨਜ਼ਦੀਕ ਮੁੱਖ ਸੜਕ 'ਤੇ ਕਿਸੇ ਤੇਜ਼ ਰਫ਼ਤਾਰ ਵਾਹਨ ਦੀ ਲਪੇਟ 'ਚ ਆਉਣ ਕਾਰਨ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਜਿਸ ਦੀ ਉਮਰ 40 ਸਾਲ ਦੇ ਕਰੀਬ ਹੈ ਦੇਖਣ ਨੂੰ ਪ੍ਰਵਾਸੀ ਜਾਪਦਾ ਹੈ, ਜਿਸ ਦੀ ਹਾਲੇ ਤੱਕ ਪਹਿਚਾਣ ਨਹੀਂ ਹੋ ਸਕੀ।ਮ੍ਰਿਤਕ ਦੀ ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੌਰਚਰੀ 'ਚ ਰਖਵਾਇਆ ਗਿਆ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਜੇਕਰ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਪੁਲਸ ਚੌਕੀ ਨਬੀਪੁਰ ਜਾਂ ਥਾਣਾ ਸਰਹਿੰਦ ਦੀ ਪੁਲਸ ਨਾਲ ਸਾਂਝੀ ਕੀਤੀ ਜਾਵੇ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਟਰੰਪ ਤੇ ਮੋਦੀ ਦੇ ਫੂਕੇ ਪੁਤਲੇ

ਜਲਾਲਾਬਾਦ (ਜੀਤ ਕੁਮਾਰ)-ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ ਸੱਦੇ ਅਨੁਸਾਰ ਜਲਾਲਾਬਾਦ ਦੀ ਤਹਿਸੀਲ ਅੰਦਰ ਮੁਕਤ ਵਪਾਰ ਸਮਝੌਤਿਆਂ ਕਰਕੇ ਅਮਰੀਕਾ ਹੁਣ 27 ਫੀਸਦੀ ਵਾਧੂ ਟੈਕਸ ਵਸੂਲੇਗਾ, ਜਿਸ ਦੇ ਰੋਸ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਗਏ ਅਤੇ ਇਸ ਦਾ ਸਖਤ ਵਿਰੋਧ ਕੀਤਾ ਗਿਆ। ਸਥਾਨਕ ਤਹਿਸੀਲ ਕੰਪਲੈਕਸ ਵਿੱਚ ਸਥਿਤ ਐੱਸ.ਡੀ.ਐੱਮ. ਦਫਤਰ ਦੇ ਬਾਹਰ ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਤਹਿਤ ਵੱਖ ਵੱਖ ਕਿਸਾਨ ਸੰਗਠਨਾਂ ਵੱਲੋਂ ਇਕੱਠੇ ਹੋ ਕੇ ਰੋਹ ਭਰਪੂਰ ਧਰਨਾ ਦਿੱਤਾ ਗਿਆ ਤੇ ਇਸਦੇ ਬਾਅਦ ਟਰੰਪ ਅਤੇ ਮੋਦੀ ਦੇ ਪੁਤਲੇ ਫੂਕੇ ਗਏ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਔਰਤ ਵਿੰਗ ਦੇ ਆਗੂ ਰਾਜ ਕੌਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਗੁਰਭੇਜ ਸਿੰਘ ਰੋਹੀਵਾਲਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਢਾਬਾ, ਭਾਰਤੀ ਕਿਸਾਨ ਯੂਨੀਅਨ ਬੁਰਜ ਗਿੱਲ ਦੇ ਜ਼ਿਲਾ ਪ੍ਰਧਾਨ ਜੋਗਾ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਮਹਿੰਦਰ ਸਿੰਘ ਨੇ ਭਾਰਤ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਭਾਰਤ ਦਾ ਖੇਤੀ ਤੇ ਪ੍ਰਚੂਨ ਸੈਕਟਰ ਪਹਿਲਾਂ ਹੀ ਵਿਸ਼ਵ ਵਪਾਰ ਸੰਸਥਾ ਤੇ ਸਾਮਰਾਜੀ ਮੁਲਕਾਂ ਨਾਲ ਹੋਏ ਸਮਝੌਤਿਆਂ ਕਰਕੇ ਬੇਸ਼ੁਮਾਰ ਸੰਕਟਾਂ ਦੇ ਨਾਲ ਜੂਝ ਰਿਹਾ ਹੈ।

ਵਿਕਸਤ ਮੁਲਕ ਪੱਛੜੇ ਮੁਲਕਾਂ ਨੂੰ ਪਹਿਲਾਂ ਹੀ ਦੇਸ਼ੀ ਅਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਬਣਾ ਕੇ ਲਗਾਤਾਰ ਲੁੱਟ ਰਹੇ ਹਨ ਹੁਣ ਡੋਨਾਲਡ ਟਰੰਪ ਵੱਲੋਂ ਭਾਰਤ ਸਣੇ 60 ਦੇਸ਼ਾਂ 'ਤੇ ਟੈਰਿਫ ਮੜ੍ਹ ਦਿੱਤੇ ਗਏ ਹਨ, ਜਿਸ ਕਰਕੇ ਸਾਰੇ ਦੇਸ਼ਾਂ ਦੀ ਆਰਥਿਕਤਾ 'ਤੇ ਬਹੁਤ ਬੁਰੇ ਅਸਰ ਪੈਣਗੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੋ ਤਰਫਾ ਟੈਰਿਫ ਨੂੰ ਚੁੱਪ ਚਾਪ ਸਵੀਕਾਰ ਕਰ ਲਿਆ ਹੈ, ਜਦੋਂਕਿ ਇਸ ਦੇ ਉਲਟ ਯੂਰਪੀਅਨ ਯੂਨੀਅਨ, ਚੀਨ ਅਤੇ ਕੈਨੇਡਾ ਅਪਣੇ ਆਰਥਿਕ ਹਿੱਤਾਂ ਦੀ ਰਾਖੀ ਲਈ ਜਵਾਬੀ ਕਾਰਵਾਈ ਕਰਨ ਦੀ ਤਿਆਰੀ ਕਰ ਰਹੇ ਹਨ ਕੈਨਡਾ ਨੇ ਇਸ ਤੋਂ ਵੀ ਅਗਾਂਹ ਜਾਂਦਿਆਂ ਅਮਰੀਕੀ ਕੰਪਨੀਆਂ ਦੇ ਉਤਪਾਦਾਂ ਦੀ ਖਰੀਦਦਾਰੀ ਕਰਨ ਤੋਂ ਸੰਕੋਚ ਕਰ ਲਿਆ ਹੈ ਤੇ ਯੂਰਪੀਅਨ ਮੁਲਕ ਵੀ ਇਸੇ ਰਾਹ ਹੀ ਤੁਰ ਰਹੇ ਹਨ। ਭਾਰਤ ਸਰਕਾਰ ਹਾਲੇ ਫੌਰੀ ਵਿਰੋਧ ਕਰਨ ਦੀ ਬਜਾਏ ਵਣਜ ਮੰਤਰਾਲਾ ਮੁਲਾਂਕਣ ਕਰਨ ਤੋਂ ਹੀ ਅੱਗੇ ਨਹੀਂ ਵਧ ਸਕਿਆ।

ਕਾਤਰਾਂ

ਬਾਬਾ ਗੁਰਦਿਆਲ ਸਿੰਘ ਦਾ ਬਰਸੀ ਸਮਾਗਮ 9 ਨੂੰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਕ੍ਰਿਪਾਨ ਭੇਟ ਸਾਹਿਬ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਗੁਰਦਿਆਲ ਸਿੰਘ ਜੀ ਦੀ ਬਰਸੀ 9 ਅਪ੍ਰੈਲ ਨੂੰ ਮਨਾਈ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਸਰਵਣ ਸਿੰਘ ਰਸਾਲਦਾਰ ਨੇ ਦੱਸਿਆ ਕਿ ਬਾਬਾ ਜੀ ਦੀ ਬਰਸੀ ਤੋਂ ਇੱਕ ਮਹੀਨਾ ਪਹਿਲਾਂ ਹੀ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਸ਼ੁਰੂ ਕਰਵਾ ਦਿੱਤੀ ਜਾਂਦੀ ਹੈ ਜੋ ਕਿ ਬਰਸੀ ਵਾਲੇ ਦਿਨ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਬਰਸੀ ਸਮਾਗਮ ਮੌਕੇ ਅੰਤਰਰਾਸ਼ਟਰੀ ਕਵੀਸ਼ਰ ਭਾਈ ਗੁਰਮੁਖ ਸਿੰਘ ਐੱਮ.ਏ. ਤੇ ਹੋਰ ਰਾਗੀ, ਢਾਡੀ ਜੱਥੇ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸ਼ਾਮ ਸਮੇਂ ਨਿਹੰਗ ਸਿੰਘਾਂ ਵਲੋਂ ਮਹੱਲਾ ਸਜਾਇਆ ਜਾਵੇਗਾ।

ਕਲੱਬ ਪ੍ਰਧਾਨ ਗੁਰਪ੍ਰੀਤ ਬਰਾੜ ਨੂੰ ਸਦਮਾ, ਪਿਤਾ ਦਾ ਦੇਹਾਂਤ

ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)-ਨੈਸ਼ਨਲ ਸਪੋਰਟਸ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬਰਾੜ ਨੂੰ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਕੁਲਵਿੰਦਰ ਸਿੰਘ ਬਰਾੜ ਕਿਸਾਨ ਆਗੂ 70 ਸਾਲ ਅਚਾਨਕ ਅਕਾਲ ਚਲਾਣਾ ਕਰ ਗਏ।ਉਨ੍ਹਾਂ ਦੀ ਹੋਈ ਅਚਾਨਕ ਮੌਤ ਨਾਲ ਸਾਰੇ ਪਰਵਾਰ ਨੂੰ ਗਹਿਰਾ ਸਦਮਾ ਪਹੁੰਚਿਆ ਹੈ।ਇਸ ਦੁੱਖ ਦੀ ਘੜੀ ਵਿੱਚ ਪ੍ਰਧਾਨ ਗੁਰਪ੍ਰੀਤ ਸਿੰਘ ਬਰਾੜ ਦੇ ਪਰਵਾਰ ਨਾਲ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ, ਨੈਸ਼ਨਲ ਸਪੋਰਟਸ ਕਲੱਬ ਦੇ ਸਮੂਹ ਮੈਂਬਰ ਤੇ ਪਿੰਡ ਦੇ ਸਮੂਹ ਖਿਡਾਰੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਅਗਾਂਹ-ਵਧੂ ਸੋਚ ਵਾਲੇ ਬਰਾੜ ਪਰਵਾਰ ਵੱਲੋਂ ਸਵ. ਕੁਲਵਿੰਦਰ ਸਿੰਘ ਬਰਾੜ ਦੀਆਂ ਅਸਥੀਆਂ ਆਪਣੇ ਖੇਤ ਵਿੱਚ ਦੱਬ ਕੇ ਉੱਤੇ ਉਨ੍ਹਾਂ ਦੀ ਯਾਦ ਵਿੱਚ ਰੁੱਖ ਲਗਾਇਆ ਗਿਆ। ਸਵ. ਕੁਲਵਿੰਦਰ ਸਿੰਘ ਬਰਾੜ ਦੇ ਨਮਿਤ ਪ੍ਰਕਾਸ਼ ਕੀਤੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 8 ਅਪ੍ਰੈਲ ਨੂੰ ਦੁਪਹਿਰ 12.45 ਵਜੇ ਡੇਰਾ ਸਾਹਿਬ ਪਿੰਡ ਛੱਤਿਆਣਾ ਵਿਖੇ ਹੋਵੇਗੀ।

ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਸਮਾਗਮ ਅੱਜ

**ਲੁਧਿਆਣਾ (ਰੈਕਟਰ ਕਥੂਰੀ

6- April - Page 6-2025-H.qxd 4/5/2025 11:09 PM Page 1

ਬਸਪਾ ਨੇ ਵਿਧਾਨ ਸਭਾ ਨੂੰ ਪੰਜ ਜ਼ੋਨਾਂ 'ਚ ਵੰਡਿਆ

ਬਲਾਚੌਰ (ਜਸਵਿੰਦਰ ਬੈਂਸ) ਬਹੁਜਨ ਸਮਾਜ ਪਾਰਟੀ ਪੰਜਾਬ, ਹਲਕਾ ਬਲਾਚੌਰ ਦੀ ਮੀਟਿੰਗ ਹਲਕਾ ਪ੍ਰਧਾਨ, ਹਲਕਾ ਇੰਚਾਰਜ ਅਤੇ ਸੂਬਾ ਸਕੱਤਰ ਦੀ ਹਾਜ਼ਰੀ ਵਿੱਚ ਹੋਈ ਪ੍ਰਧਾਨ ਚਰਨਜੀਤ ਸੁਮਨ ਨੇ ਦੱਸਿਆ ਕਿ ਹਲਕਾ ਬਲਾਚੌਰ ਨੂੰ ਪੰਜ ਜੋਨਾਂ 'ਚ ਵੰਡਿਆ ਗਿਆ ਹੈ ਅਤੇ ਜੋਨ ਇੰਚਾਰਜ ਲਗਾਏ ਗਏ। ਇੱਕ ਜ਼ੋਨ ਨੂੰ ਚਾਰ-ਚਾਰ ਸੈਕਟਰਾਂ 'ਚ ਵੰਡ ਕੇ ਸੈਕਟਰ ਇੰਚਾਰਜ ਲਗਾਏ ਗਏ। ਇਹ ਸਾਰੀ ਕਾਰਵਾਈ ਦਾ ਕੰਪਿਊਟਰੀਕਰਨ ਕਰਕੇ ਜਨਤਕ ਕੀਤਾ ਜਾਏਗਾ। ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਪਾਰਟੀ ਦੇ ਵਿਸਥਾਰ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾਏਗਾ।

ਨੋਟਿਸ

ਦੀ ਜਸਤਰਵਾਲ ਬਹੁਮੰਤਵੀ ਸਹਿਕਾਰੀ ਸਭਾ ਲਿਮ: ਪਿੰਡ ਜਸਤਰਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸੇਲਜ਼ਮੈਨ ਦੀ ਅਸਾਮੀ ਦੀ ਨਿਯੁਕਤੀ ਲਈ ਮਿਤੀ 25-04-2025 ਨੂੰ ਸਵੇਰੇ 11.00 ਵਜੇ ਸਭਾ ਦੇ ਦਫਤਰ ਵਿੱਚ ਇੰਟਰਵਿਊ ਰੱਖੀ ਗਈ ਹੈ । ਯੋਗ ਉਮੀਦਵਾਰ ਮਿਤੀ 25-04-2025 ਤੱਕ ਸਭਾ ਦੇ ਦਫਤਰ ਪਿੰਡ ਜਸਤਰਵਾਲ ਵਿਖੇ ਹਾਜ਼ਰ ਹੋ ਕੇ ਸਭਾ ਦੇ ਪ੍ਰਧਾਨ ਨੂੰ ਦਰਖਾਸਤ ਸਮੇਤ ਯੋਗਤਾ ਸਰਟੀਫਿਕੇਟ ਦੀ ਕਾਪੀ ਦੇ ਸਕਦੇ ਹਨ। ਸੇਲਜ਼ਮੈਨ ਦੀ ਵਿੱਦਿਅਕ ਯੋਗਤਾ ਬੀ ਏ ਪਾਸ ਅਤੇ ਛੇ ਮਹੀਨੇ ਦਾ ਕੰਪਿਊਟਰ ਕੋਰਸ ਕੀਤਾ ਹੋਵੇ। ਸੇਲਜ਼ਮੈਨ ਪੇਂਡੂ ਪਿਛੋਕੜ ਵਾਲਾ ਭਰਤੀ ਕੀਤਾ ਜਾਣਾ ਹੈ। ਸੇਲਜ਼ਮੈਨ ਕਿਸੇ ਹੋਰ ਸੰਸਥਾ ਤੋਂ ਅਯੋਗ ਕਰਾਰ ਨਾ ਦਿੱਤਾ ਹੋਵੇ। ਇੰਟਰਵਿਊ ਸਮੇਂ ਅਸਲ ਸਰਟੀਫਿਕੇਟ ਨਾਲ ਲਿਆਂਦੇ ਜਾਣ।

ਪ੍ਰਧਾਨ, ਦੀ ਜਸਤਰਵਾਲ ਬਹੁਮੰਤਵੀ ਸਹਿਕਾਰੀ ਸਭਾ ਲਿਮ:

COURT NOTICE

(U/o 5 Rule 20 CPC)
In The Court of
Ms. Harpreet Kaur Randhawa
Distt. and Sessions Judge, Ludhiana
CNR No. PBLD01-025424-2024
Next Date : 24-04-2025
Vidha Nand Yadav
Vs.
Ajit Kumar

Publication issued to : (1) Ajit Kumar S/o Ambika Parshad R/o H.No. 364/1, Ranjit Nagar, Sherpur P.S. Focal Point Ludhiana, Distt. Ludhiana (Driver of offending Vehicle i.e Motorcycle bearing Registration No. PB-10HY-5702) (2) Pushpa Devi W/o Nandu Singh R/o H.No. 423, Street No. 3, Ram Nagar, Bhamian Kalan, P.S. Focal Point Ludhiana, Distt. Ludhiana (Owner of offending Vehicle i.e Motorcycle bearing Registration No. PB-10HY-5702)

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 24-04-2025 at 10 a.m.

For details logon to https://highcourtchd.gov.in/?mod=district_notice&district=mogacourt

Distt. and Sessions Judge, Ludhiana
Dated, this day of 04-04-2025

COURT NOTICE

In The Court of
Dr. Seema Agnihotri
Judicial Magistrate-1st class Rupnagar
CNR No. : PBRO03-007578-2023
Next Date:- 18-04-2025
Baljinder Kaur
Vs.
Paramjit Kaur
Detail of offence
Baljinder Kaur W/o Bachan Singh R/o Vill. Singh Bhagwantpur, Tehsil & Distt. Rupnagar
Vs
Paramjit Kaur W/o Inderjeet Singh R/o Vill. Singh Bhagwantpur, Tehsil & Distt. Rupnagar

Notice to : Paramjit Kaur, Spouse : Inderjeet Singh R/o Vill. Singh Bhagwantpur, Tehsil & Distt. Rupnagar.

In above titled case, the accused could not be served. It is ordered that accused should appear in person or through counsel on 18-04-2025 at 10 a.m.

For details logon to https://highcourtchd.gov.in/?mod=district_notice&district= Rupnagar

Judicial Magistrate-1st class Rupnagar
Dated, this day of 01-04-2025

ਨਿਲਾਮੀ ਨੋਟਿਸ

ਮਿਤੀ 16-4-2025 ਨੂੰ ਗ੍ਰਾਮ ਪੰਚਾਇਤ ਮੀਰਾ, ਬਲਾਕ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵੱਲੋਂ ਟਾਹਲੀ ਦੇ ਇੱਕ ਦਰੱਖਤ ਦੀ ਖੁੱਲ੍ਹੀ ਬੋਲੀ ਰੱਖੀ ਗਈ ਹੈ। ਬੋਲੀ 12 ਵਜੇ ਦੁਪਹਿਰ ਸਮੇਂ ਹੋਵੇਗੀ। ਚਾਹਵਾਨ ਬੋਲੀ ਲਈ ਹਾਜ਼ਰ ਹੋਣ।

ਸਰਪੰਚ, ਸ੍ਰੀਮਤੀ ਸੰਦੀਪ ਕੌਰ
ਅਤੇ ਸਮੂਹ ਪੰਚ
ਗ੍ਰਾਮ ਪੰਚਾਇਤ ਮੀਰਾ।

COURT NOTICE

(U/o 5 Rule 20 CPC)
In The Court of
Ms. Amanpreet Kaur
Civil Judge Junior Division-11, Patiala
CNR No. PBPT02-001616-2018
Next Date:- 23-04-2025
State Bank of India
Vs.
Ravinder Kumar

Publication issued to : (1) Ravinder Kumar H/o Late Rama Kumari Father : Baru Mal (2) Neha Sethi D/o Ravinder Kumar (Daughter) (3) Nishant Sethi S/o Ravinder Kumar (Son) All R/o H.No. 80, Bharat Colony, Inside Nabha Road, Backside Sidhu Marriage Palace, Ablowal, Distt. Patiala.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 23-04-2025 at 10 a.m.

For details logon to https://highcourtchd.gov.in/?mod=district_notice&district=Patiala

Civil Judge Junior Division-11
Patiala
Dated, this day of 03-04-2025

COURT NOTICE

(U/o 5 Rule 20 CPC)
In The Court of
Sh. Vineet Kumar Narang
Additional Principal Judge Family Court-11, Jalandhar
CNR No. PBJL01-000858-2025
Next Date:- 24-04-2025

1. Chandroop Kailash aged about 47 Years S/o Rajinder Kumar 2. Kiran aged about 32 years W/o Chandroop Kailash Both R/o H.No. 711, Gali No. 2, Guru Nanak Pura East, Chougitti, Jalandhar, Punjab-144009

Vs.

1. General Public, 2. Vicky aged about 34 Years S/o Raj Kumar 3. Vaishali aged about 32 Years W/o Vicky Both were R/o H.No. 2344, New Ramesh Nagar, Tehsil Camp. Near Shiv Shakti Clinic, Panipat, Haryana-13210 at Present Residing at Street No. 6/3 Near Nathu Karyana Store, Shaheed Babu Labh Singh Nagar, Gulab Devi Road, Jalandhar.

Petition under Guardians and Wards Act.

Publication Issued To: General Public, General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 24-04-2025 at 10 a.m.

For details logon to https://highcourtchd.gov.in/?mod=district_notice&district=Jalandhar

Additional Principal Judge
Family Court-11, Jalandhar
Dated, this day of 04-04-2025

ਸੰਯੁਕਤ ਕਿਸਾਨ ਮੋਰਚੇ ਨੇ ਟਰੰਪ ਤੇ ਮੋਦੀ ਦੇ ਪੁਤਲੇ ਫੂਕੇ

ਤਰਨ ਤਾਰਨ (ਪੱਤਰ ਪ੍ਰੇਰਕ) ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ ਅਮਰੀਕਾ ਵੱਲੋਂ ਭਾਰਤ ਉੱਪਰ ਜਵਾਬੀ ਟੈਕਸ ਨੀਤੀ ਖਿਲਾਫ ਪੂਰੇ ਪੰਜਾਬ ਦੀਆਂ ਤਹਿਸੀਲਾਂ ਅੰਦਰ ਵਿਰੋਧ ਪ੍ਰਦਰਸ਼ਨ ਕਰਨ ਦੀ ਕੜੀ ਵਜੋਂ ਸਯੁੰਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ ਨਾਲ ਸਬੰਧਤ ਆਗੂਆਂ ਨੇ ਸਥਾਨਕ ਐਸ ਡੀ ਐਮ ਦਫਤਰ ਵਿਖੇ ਕੀਤੇ ਵਿਰੋਧ ਪ੍ਰਦਰਸ਼ਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਇਸ ਐਕਸ਼ਨ ਵਿੱਚ ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ ਪੰਜਾਬ, ਕਿਰਤੀ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਕੌਮੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਮਨਜੀਤ ਸਿੰਘ ਬੱਗੂ, ਬਲਕਾਰ ਸਿੰਘ ਵਲਟੋਹਾ, ਨਛੱਤਰ ਸਿੰਘ ਮੁੱਗਲ ਚੱਕ, ਤਰਸੇਮ ਸਿੰਘ ਲੁਹਾਰ, ਭੁਪਿੰਦਰ ਸਿੰਘ ਪਡੋਰੀ ਤੱਖਤਮੱਲ, ਜੱਸਾ ਸਿੰਘ ਕੱਦਗਿੱਲ, ਅਜੀਤ ਸਿੰਘ ਚੰਬਾ, ਲਖਬੀਰ ਸਿੰਘ ਨਿੱਜਰ ਆਦਿ ਆਗੂਆਂ ਨੇ ਕਿਹਾ ਕਿ ਭਾਰਤ ਦੀ ਅਰਥ ਵਿਵਸਥਾ ਪਹਿਲਾਂ ਹੀ ਡਗਮਗਾ ਰਹੀ ਹੈ ਉਪਰੋਂ ਜਵਾਬੀ ਟੈਕਸ ਰਾਹੀਂ ਭਾਰਤ ਦੇ ਮਿਹਨਤਕਸ਼ ਲੋਕਾਂ ਦਾ ਹੋਰ ਖੂਨ ਨਿਚੋੜਿਆ ਜਾਵੇਗਾ।ਇਸ ਨੀਤੀ ਨਾਲ ਖੇਤੀ ਖੇਤਰ ਨੂੰ ਤਬਾਹ ਕਰਕੇ ਖੇਤੀ ਸੰਕਟ ਨੂੰ ਹੋਰ ਡੂੰਘਾ ਕੀਤਾ ਜਾਵੇਗਾ ਅਤੇ ਕਾਰਪੋਰੇਟ ਘਰਾਣਿਆਂ ਵੱਲੋਂ ਭਾਰਤ ਦੇ ਜਲ, ਜੰਗਲ ਅਤੇ ਜਮੀਨਾਂ ਉੱਪਰ ਧਾਵਾ ਬੋਲ ਕੇ ਪੂੰਜੀਪਤੀ ਸਭ ਕੁੱਝ ਹੜੱਪ ਜਾਣਗੇ। ਆਗੂਆਂ ਨੇ ਧਾੜਵੀਆਂ ਦੇ ਇਸ ਲੋਕ ਮਾਰੂ ਹੱਲੇ ਖਿਲਾਫ ਅੰਦੋਲਨ ਨੂੰ ਪੱਕੇ ਪੈਰੀਂ ਕਰਦਿਆਂ ਕਾਰਪੋਰੇਟ ਘਰਾਣਿਆਂ ਦੇ ਜੋਟੀਦਾਰਾਂ ਟਰੰਪ ਅਤੇ ਮੋਦੀ ਦੇ ਪੂਰੇ ਪੰਜਾਬ ਦੇ ਤਹਿਸੀਲ ਕੇਂਦਰਾਂ ਤੇ ਪੁਤਲੇ ਫੂਕ ਕੇ ਵਿਰੋਧ ਪ੍ਰਦਰਸ਼ਨ ਕਰਦੇ ਹੋਏ ਜਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਵਿੱਚ ਪੁਤਲੇ ਫੂਕ ਕੇ ਟਰੰਪ ਅਤੇ ਮੋਦੀ ਦੀਆਂ ਲੋਕ ਵਿਰੋਧੀ ਹਕੂੰਮਤਾਂ ਖਿਲਾਫ਼ ਜੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ, ਦਵਿੰਦਰ ਸਿੰਘ, ਪ੍ਰਿੰਸੀ : ਦਲਬੀਰ ਸਿੰਘ ਦਿਓਲ, ਜਸਵਿੰਦਰ ਸਿੰਘ, ਤੇਜਿੰਦਰ ਸਿੰਘ, ਗੁਰਵਿੰਦਰ ਸਿੰਘ, ਬਿਕਰਮਜੀਤ ਸਿੰਘ ਬਾਠ, ਕੁਲਵੰਤ ਸਿੰਘ, ਜਗਤਾਰ ਸਿੰਘ, ਜੱਸਾ ਸਿੰਘ, ਰਤਨ ਸਿੰਘ ਢੰਡ, ਗੁਰਪਿੰਦਰ ਸਿੰਘ, ਅਵਤਾਰ ਸਿੰਘ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

UMMEED HOUSING FINANCE PRIVATE LIMITED
Regd.Off.: Unit 2009-14, 20th Floor, Tower –2, Magnum Global Park, Golf Course Extension Road, Sect-58, Gurugram
CIN: U65922HR2016PTC057984

ਜਨਤਕ ਨੋਟਿਸ

ਆਮ ਜਨਤਾ ਦੀ ਜਾਣਕਾਰੀ ਹਿੱਤ ਸੂਚਨਾ ਦਿੱਤੀ ਜਾਂਦੀ ਹੈ ਕਿ ਅਸੀਂ ਆਪਣਾ ਲੁਧਿਆਣਾ, ਪੰਜਾਬ ਰਜਿਸਟਰਡ ਦਫਤਰ 08-07-2025 ਤੋਂ ਤਬਦੀਲ ਕਰ ਰਹੇ ਹਾਂ।

ਤੋਂ : ਦੂਜੀ ਮੰਜ਼ਲ, 203, ਐੱਸ ਸੀ ਓ 15, ਸਾਨ ਪਲਾਜ਼ਾ ਬਿਲਡਿੰਗ, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

ਵਿਖੇ : ਤੀਜੀ ਮੰਜ਼ਲ 302, ਐੱਸ ਸੀ ਓ 15, ਸਾਨ ਪਲਾਜ਼ਾ ਬਿਲਡਿੰਗ, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

ਹੋਰ ਵੇਰਵਿਆਂ ਲਈ ਕਿਰਪਾ ਕਰਕੇ ਸੰਪਰਕ ਕਰੋ : ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ, ਟੋਲ ਫ੍ਰੀ : 1800-212-6127

YES BANK LIMITED
Regd.Off: Yes Bank House, Off Western Express Highway, Santacruz
Branch Office: Panipat
website: www.yesbank.in

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਉਰਟੀ ਇਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਕੈੱਸ਼ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਉਰਡ ਕ੍ਰੈਡੀਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਸਕਿਉਰਡ ਕ੍ਰੈਡਿਟ ਵੱਲੋਂ (1) ਮੈਸ: ਬੀ ਟੀ ਐੱਲ ਇੰਟਰਨੈਸ਼ਨਲ ਰਾਹੀਂ ਇਸਦੇ ਭਾਈਵਾਲਾਂ ਸ੍ਰੀ ਸੁੱਚਾ ਸਿੰਘ ਅਤੇ ਅਮੀਤੋਜ ਸਿੰਘ ਮਲਹੋਤਰਾ, ਪਤਾ : 2255/ਬੀ, ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ 141002 (2) ਸ੍ਰੀ ਸੁੱਚਾ ਸਿੰਘ ਪੁੱਤਰ ਮਿਲਾਪ ਸਿੰਘ, ਪਤਾ : ਮਕਾਨ ਨੰ. 1213 ਐੱਚ ਆਈ ਜੀ ਸੈਕਟਰ-40, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਫੋਕਲ ਪੁਆਇੰਟ ਲੁਧਿਆਣਾ, ਪੰਜਾਬ-141010- ਨਾਲ ਹੀ 2255/ਬੀ ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ 141002 (3) ਸ੍ਰੀ ਅਮੀਤੋਜ ਸਿੰਘ ਮਲਹੋਤਰਾਤਰ ਪੁੱਤਰ ਸ੍ਰੀ ਰਵਿਦਰ ਪਾਲ ਸਿੰਘ, ਪਤਾ : ਮਕਾਨ ਨੰ. 41/9, ਆਤਮ ਨਗਰ, ਮਿਲਰਗੰਜ, ਲੁਧਿਆਣਾ, ਪੰਜਾਬ 141010, ਨਾਲ ਹੀ : 2255/ਬੀ ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ 141002, ਤੋਂ ਠੇਕਾ ਦਰ ਅਤੇ ਅਗਲੇ ਵਿਆਜ ਅਤੇ ਖਰਚਿਆਂ ਸਮੇਤ ਮਿਤੀ 12 ਸਤੰਬਰ 2022 ਨੂੰ ਬਕਾਇਆ ਨਿਕਲਦੀ ਰਕਮ ਰੁ. 2,52,85,147.46/- (ਦੋ ਕਰੋੜ ਬਵੰਜਾ ਲੱਖ ਪਚਾਸੀ ਹਜ਼ਾਰ ਇਕ ਸੌ ਸੰਤਾਲੀ ਰੁਪਏ ਅਤੇ ਛਿਆਲੀ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 22 ਅਪ੍ਰੈਲ 2025 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।

ਰਾਖਵੀਂ ਕੀਮਤ ਰੁ. 3,64,50,000/- (ਤਿੰਨ ਕਰੋੜ ਚੌਹਠ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਰੁ. 36,45,000/- (ਛੱਤੀ ਲੱਖ ਪੰਜਤਾਲੀ ਹਜ਼ਾਰ ਰੁਪਏ ਕੇਵਲ) ਹੋਵੇਗੀ।

ਜਾਇਦਾਦ ਦਾ ਵੇਰਵਾ

ਵਪਾਰਕ ਜਾਇਦਾਦ, ਜੋ ਕਿ ਫ਼ੈਕਟਰੀ ਰਕਬਾ 3720 ਵਰਗ ਗਜ਼ (06 ਕਨਾਲ-03 ਮਰਲਾ) ਖਸਰਾ ਨੰ. 69//15/2,16/1/1, 16/1/2, 16/1/3, 25/2/1, 25/2/2, 70/11/1, ਖੱਤਾ ਨੰ. 454/469 ਜਮ੍ਹਾਂਬੰਦੀ ਸਾਲ 2011-12 ਵਾਕਿਆ ਪਿੰਡ ਢੰਡਾਰੀ ਕਲਾਂ ਵਿਖੇ ਸਥਿਤ ਹਦਬਸਤ ਨੰ. 241 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਹਰਜੀਤ ਕੌਰ ਬਾਹੀ 341' 8", ਪੱਛਮ : ਨੀਰਜ ਬਾਹੀ 341' 8", ਉੱਤਰ : ਰਸਤਾ 22' ਚੌੜਾ ਬਾਹੀ 98', ਦੱਖਣ : ਬਲਵਿੰਦਰ ਸਿੰਘ ਬਾਹੀ 98'

ਈ-ਨਿਲਾਮੀ ਦੀ ਮਿਤੀ ਤੇ ਸਮਾਂ : 22 ਅਪ੍ਰੈਲ 2025 ਸਵੇਰੇ 11.00 ਵਜੇ ਤੋਂ 2.00 ਵਜੇ 5 ਮਿੰਟਾਂ ਦੇ ਹਰੇਕ ਵਾਧੇ ਨਾਲ

ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 21 ਅਪ੍ਰੈਲ 2025 ਸ਼ਾਮ ਦੇ 3.00 ਵਜੇ ਤੱਕ ।

ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 17 ਅਪ੍ਰੈਲ 2025, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਉਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਕੈੱਸ਼ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਦਿੱਤਿਆ ਆਰਿਆ ਨਾਲ 7696000755 ਜਾਂ ਈਮੇਲ aditya.arya@yesbank.in ਅਤੇ ਮੈਸ. ਈ-ਪ੍ਰੋਕਿਉਰਮੈਂਟ ਟੈਕਨਾਲੋਜ਼ੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈ ਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888

ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਅਨੁਸਾਰ ਸਾਡੇ ਵੱਲੋਂ ਸਕਿਉਰਡ ਐੱਸਟ ਵੇਚੇ ਤਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਉਸ ਸਕਿਉਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਅਗਲਾ ਕਦਮ ਨਹੀਂ ਉਠਾਇਆ ਜਾਵੇਗਾ।

ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ

ਉਪਰੋਕਤ, ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 15 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।

ਮਿਤੀ : 31 ਮਾਰਚ 2025 ਸਹੀ/-
ਸਥਾਨ : ਚੰਡੀਗੜ੍ਹ ਅਧਿਕਾਰਤ ਅਫਸਰ, ਯੈੱਸ ਬੈਂਕ ਲਿਮਟਿਡ

AXIS BANK
Retail Assets Center: AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
Registered Office: 'Trishul', 3rd floor, Opposite Samartheswar Temple, Law Garden, Ellisbridge, Ahmedabad-380006.

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਪਬਲਿਕ ਨੋਟਿਸ

ਇਹ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਹੈ ਕਿ ਹੇਠਾਂ

6 Apr Page-7.qxd 4/5/2025 11:06 PM Page 1

'ਸਰਕਾਰ ਡਾ. ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਯਕੀਨੀ ਬਣਾਵੇ'

ਬੰਗਾ (ਅਵਤਾਰ ਕਲੇਰ) ਦੇਸ਼ ਦੇ ਵੱਖ ਵੱਖ ਜਾਤਾਂ, ਧਰਮਾਂ ਦੇ ਲੋਕ ਆਪਸੀ ਭਾਈਚਾਰਕ ਪਿਆਰ ਨਾਲ ਰਹਿ ਰਹੇ ਹਨ। ਕਰੋੜਾਂ ਲੋਕਾਂ ਦੇ ਸਤਿਕਾਰਯੋਗ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਖਿਲਾਫ ਅਪਸ਼ਬਦ ਬੋਲ ਕੇ ਪੰਜਾਬ ਅਤੇ ਭਾਰਤ ਦੀ ਅਮਨ ਸ਼ਾਂਤੀ ਨੂੰ ਅੱਗ ਲਾਉਣ ਵਾਲੇ ਬਿਆਨਾਂ ਦੀ ਸਖਤ ਨਿੰਦਾ ਕਰਦਿਆਂ ਕੌਮੀ ਪ੍ਰਧਾਨ ਆਸਾ ਸਿੰਘ ਅਜ਼ਾਦ, ਕੌਮੀ ਵਾਈਸ ਪ੍ਰਧਾਨ ਰਾਕੇਸ਼ ਵਰਮਾ ਆਲ ਇੰਡੀਆ ਹਿਊਮਨ ਰਾਇਟਸ ਕੌਂਸਲ, ਪੰਜਾਬ ਚੇਅਰਮੈਨ ਕੌਂਸਲ ਕੁਲਵਿੰਦਰ ਸਿੰਘ ਭਾਰਟਾ ਪ੍ਰਧਾਨ ਲੋਕ ਭਲਾਈ ਸੁਸਾਇਟੀ, ਐਡਵੋਕੇਟ ਵਿਸ਼ਾਲ ਸ਼ਰਮਾ ਚੇਅਰਮੈਨ ਲੀਗਲ ਸੈਲ ਪੰਜਾਬ ਅਤੇ ਭਾਰਤੀ ਜਨਤਾ ਪਾਰਟੀ ਹਲਕਾ ਇੰਚਾਰਜ਼ ਨਵਾਂਸ਼ਹਿਰ, ਸੀਨੀਅਰ ਕੌਂਸਲਰ ਚੇਤ ਰਾਮ ਰਤਨ, ਅਜੇ ਠਾਕੁਰ ਯੂਥ ਵਿੰਗ ਕੌਮੀ ਚੇਅਰਮੈਨ, ਡਾ. ਦੀਪਕ ਪਾਂਡੇ ਨੈਸ਼ਨਲ ਪ੍ਰਧਾਨ ਸਿਹਤ ਵਿੰਗ, ਐਡਵੋਕੇਟ ਵਿਕਰਮ ਸ਼ਰਮਾ ਪ੍ਰਧਾਨ ਹਿਮਾਚਲ ਪ੍ਰਦੇਸਸ਼, ਪਰਮਿੰਦਰ ਸਿੰਘ ਗਿੱਲ ਪ੍ਰਧਾਨ ਆਰ ਟੀ ਆਈ ਵਿੰਗ ਪੰਜਾਬ,ਹਰਜਿੰਦਰ ਸਿੰਘ ਪ੍ਰਧਾਨ ਐਂਟੀਕ੍ਰਾਇਮ ਵਿੰਗ ਪੰਜਾਬ ਨਵਾਂਸ਼ਹਿਰ ਨੇ ਵਿਸ਼ੇਸ਼ ਮੀਟਿੰਗ ਦੌਰਾਨ ਗੁਰਪਤਵੰਤ ਪੰਨੂ ਨੂੰ 14 ਅਪ੍ਰੈਲ ਨੂੰ ਪੰਜਾਬ ਆਉਣ ਦੀ ਚਿਤਾਵਨੀ ਦਿੱਤੀ ।ਉਨ੍ਹਾਂ ਨੇ ਪੰਜਾਬ ਸਰਕਾਰ ਤੋਂ

ਮੰਗ ਕੀਤੀ ਕਿ 14 ਅਪ੍ਰੈਲ ਡਾ. ਅੰਬੇਡਕਰ ਜੀ ਜਨਮ ਦਿਨ ਨੂੰ ਮੁੱਖ ਰੱਖਦਿਆਂ ਸ਼ਰਾਰਤੀ ਅਨਸਰਾਂ ਵਲੋਂ ਬੁੱਤਾਂ ਨੂੰ ਕੋਈ ਨੁਕਸਾਨ ਪੁਹੰਚਾ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।ਬੁਲਾਰਿਆਂ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੀ ਪ੍ਰਤਿਮਾ ਦੇ ਨਾਲ ਛੇੜਖਾਣੀ ਕਰਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਅਜਿਹੇ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਹਰਜਿੰਦਰ ਸਿੰਘ ਘੁੰਮਣ ਪ੍ਰਧਾਨ ਕਿਸਾਨ ਵਿੰਗ ਪੰਜਾਬ, ਹਰਦੀਪ ਸਿੰਘ ਮੁਲਾਪੁਰ,ਮਨਜਿੰਦਰ ਸਿੰਘ, ਤਰਲੋਚਨ ਸਿੰਘ ਵਿਰਦੀ, ਗੁਲਸਨ ਕੁਮਾਰ, ਡਾ ਰਾਮ ਕੁਮਾਰ, ਸੰਜੀਵ ਕੁਮਾਰ ਕੈਂਥ ਆਦਿ ਹਾਜ਼ਰ ਸਨ।

ਕਣਕ ਦੇ ਖ਼ਰੀਦ ਸੀਜ਼ਨ ਲਈ 8 ਲੱਖ ਤੋਂ ਵੱਧ ਕਿਸਾਨਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ : ਕਟਾਰੂ ਚੱਕ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚੱਲ ਰਹੇ ਕਣਕ ਦੇ ਖ਼ਰੀਦ ਸੀਜ਼ਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ 8 ਲੱਖ ਤੋਂ ਵੱਧ ਕਿਸਾਨਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਕੈਬਨਿਟ ਮੰਤਰੀ ਚਾਰ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਸ਼ਾਮਲ ਹਨ, ਦੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।ਮੀਡੀਆ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਸਾਲ ਕਣਕ ਦੀ ਬੰਪਰ ਫ਼ਸਲ ਹੋਣ ਦੀ ਸੰਭਾਵਨਾ ਹੈ ਅਤੇ 124 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੂਰੇ ਸੀਜ਼ਨ ਨੂੰ ਸੁਚਾਰੂ ਬਣਾਉਣ ਲਈ ਕਣਕ ਦੀ ਖ਼ਰੀਦ ਲਈ 28,894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਪਹਿਲਾਂ ਹੀ ਪ੍ਰਾਪਤ ਕਰ ਲਈ ਹੈ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਲੋੜੀਂਦੇ ਬਾਰਦਾਨੇ 'ਚੋਂ 99 ਫੀਸਦੀ ਦਾ ਪ੍ਰਬੰਧ ਕਰ ਲਿਆ ਗਿਆ ਹੈ ਅਤੇ ਢੁਕਵੀਂ ਸਟੋਰੇਜ ਲਈ ਲੋੜੀਂਦੀ ਜਗ੍ਹਾ ਅਤੇ ਕਰੇਟਾਂ ਦਾ ਵੀ ਇੰਤਜ਼ਾਮ ਵੀ ਯਕੀਨੀ ਬਣਾਇਆ ਗਿਆ ਹੈ।ਫ਼ਸਲ ਦੀ ਭਾਰੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ 1864 ਖ਼ਰੀਦ ਕੇਂਦਰ (ਮੰਡੀਆਂ) ਸਥਾਪਤ ਕੀਤੇ ਗਏ ਹਨ, ਜਿੱਥੇ ਕਿਸਾਨ ਆਪਣੀ ਕਣਕ ਦੀ ਫ਼ਸਲ ਦੀ ਵਿਕਰੀ ਕਰ ਸਕਦੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਪੂਰੇ ਸੀਜ਼ਨ ਦੌਰਾਨ ਆਪਣੀਆਂ ਸਬੰਧਤ ਮੰਡੀਆਂ ਵਿੱਚ ਮੌਜੂਦ ਰਹਿਣ ਦੀ ਹਦਾਇਤ ਕੀਤੀ ਤਾਂ ਜੋ ਕਿਸਾਨਾਂ ਨੂੰ ਇਸ ਸਮੇਂ ਦੌਰਾਨ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਸੰਤ ਬਾਬਾ ਭਾਗ ਸਿੰਘ 'ਵਰਸਿਟੀ ਖਿਆਲਾ 'ਚ ਤੀਜਾ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

ਆਦਮਪੁਰ (ਪਰਮਜੀਤ ਸਿੰਘ)- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਦੇ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ (ਸਕੱਤਰ,) ਦੇ ਦਿਸ਼ਾ ਨਿਰਦੇਸ਼ ਤਹਿਤ 'ਤੀਜਾ ਸਾਲਾਨਾ ਇਨਾਮ ਵੰਡ ਸਮਾਰੋਹ-2025' ਦਾ ਅਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ।ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਨੇ ਵਿਦਿਆਰਥੀਆਂ ਨੂੰ ਅਤਿ ਉੱਤਮ ਵਿੱਦਿਆ ਪ੍ਰਾਪਤ ਕਰਨ ਅਤੇ ਆਗਾਮੀ ਚੁਣੌਤੀਆਂ ਲਈ ਸਜਗ ਰਹਿਣ ਦੀ ਪ੍ਰੇਰਣਾ ਦਿੱਤੀ।ਮੁਖ ਮਹਿਮਾਨ ਡਾ. ਸੋਹਨ ਸਿੰਘ ਪਰਮਾਰ ਨੇ ਸ਼ਿਰਕਤ ਕੀਤੀ ਤੇ ਕਿਹਾ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਪ੍ਰਤਿਬੱਧਤਾ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਇਨਾਮ ਦਿੱਤੇ ਜਾ ਰਹੇ ਹਨ। ਇਹ ਸਿਰਫ ਇਨਾਮ ਨਹੀਂ, ਸਗੋਂ ਉਨ੍ਹਾਂ ਦੇ ਉਜਲੇ ਭਵਿੱਖ ਦੀ ਨਿਸ਼ਾਨੀ ਹਨ। ਡਾ. ਵਿਜੈ ਧੀਰ (ਡੀਨ ਅਕਾਦਮਿਕਸ) ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਉੱਤੇ ਰੋਸ਼ਨੀ ਪਾਈ।ਇਸ ਸਮਾਗਮ ਵਿਚ ਯੂਨੀਵਰਸਿਟੀ ਦੇ ਵੱਖ-ਵੱਖ ਇੰਸਟੀਚਿਊਟ ਦੇ 265 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਜਿਸ ਵਿਚ 7 ਵਿਦਿਆਰਥੀਆਂ ਨੂੰ ਰੋਲ ਆਫ਼ ਆਨਰਜ਼, ਖੇਡ ਵਿਭਾਗ ਦੇ 3 ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕਲਰ ਐਵਾਰਡ,2 ਵਿਦਿਆਰਥੀਆਂ ਨੂੰ ਐਕਸੀਲੈਂਸ ਐਵਾਰਡ ਅਤੇ 253 ਵਿਦਿਆਰਥੀਆਂ ਨੂੰ ਅਕਾਦਮਿਕ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੰਤ ਬਾਬਾ ਜਨਕ ਸਿੰਘ, ਅਮਰਜੀਤ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ ਅਜੜਾਮ, ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ ਅਜੜਾਮ ਅਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਿਕਾਸ ਸ਼ਰਮਾ, ਡਾ. ਵਿਜੈ ਧੀਰ (ਡੀਨ ਅਕਾਦਮਿਕਸ), ਸ.ਰੂਪ ਸਿੰਘ (ਡਿਪਟੀ ਰਜਿਸਟਰਾਰ) ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਵੀ ਹਾਜ਼ਰ ਸਨ। ਇਹ ਸਮਾਗਮ ਡਾ. ਇੰਦੂ ਸ਼ਰਮਾ ਦੀ ਨਿਗਰਾਨੀ ਹੇਠ ਹੋਇਆ ਜਿਸ ਵਿਚ ਡਾ.ਹਰਪ੍ਰੀਤ ਸਿੰਘ, ਡਾ. ਸਿਮ੍ਰਿਤੀ ਠਾਕੁਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

ਖਾਦ ਦੀਆਂ ਕੀਮਤਾਂ 'ਚ ਕੀਤਾ ਵਾਧਾ ਵਾਪਸ ਲਿਆ ਜਾਵੇ : ਪਾਸਲਾ

ਜਲੰਧਰ (ਨਜਸ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਕੇਂਦਰੀ ਸਰਕਾਰ ਵਲੋਂ ਖਾਦਾਂ ਦੀਆਂ ਕੀਮਤਾਂ 'ਚ ਕੀਤੇ ਅਥਾਹ ਵਾਧੇ ਦੀ ਕਰੜੀ ਨਿਖੇਧੀ ਕਰਦਿਆਂ ਖੇਤੀ-ਕਿਸਾਨੀ ਦਾ ਲੱਕ ਤੋੜਨ ਵਾਲਾ ਇਹ ਵਾਧਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਹੈ ਕਿ ਉਕਤ ਵਾਧੇ ਰਾਹੀਂ ਕੇਂਦਰੀ ਸਰਕਾਰ, ਖਾਸ ਕਰਕੇ ਪ੍ਰਧਾਨ ਮੰਤਰੀ ਮੋਦੀ ਦੇ ਕਿਸਾਨਾਂ ਦੀ ਭਲਾਈ ਕਰਨ ਦੇ ਦਾਅਵਿਆਂ ਦਾ ਖੋਖਲਾਪਨ ਬਾਖੂਬੀ ਉਜਾਗਰ ਹੋ ਗਿਆ ਹੈ।

ਅਨਿਸ਼ਾ ਬੰਗਾ ਨੇ ਮੈਰਿਟ 'ਚ ਸਥਾਨ ਹਾਸਲ ਕੀਤਾ

ਫਗਵਾੜਾ (ਡਾ. ਰਮਨ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਗਵਾੜਾ ਦੀ ਵਿਦਿਆਰਥਣ ਅਨਿਸ਼ਾ ਬੰਗਾ ਸਪੁੱਤਰੀ ਧਰਮਿੰਦਰ ਕੁਮਾਰ ਮੈਰਿਟ ਵਿਚ ਸਥਾਨ ਹਾਸਿਲ ਵਿੱਚ ਕਰਨ ਵਿੱਚ ਕਾਮਯਾਬ ਰਹੀ । ਇਸ ਸਬੰਧੀ ਪ੍ਰੈਸ ਨਾਲ ਖੁਸ਼ੀ ਸਾਂਝੀ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨੂ ਗੁਪਤਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਅਨਿਸ਼ਾ ਬੰਗਾ ਨੇ ਅੱਠਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ 32ਵਾਂ ਨੰਬਰ ਅਤੇ ਰੈਂਕ ਨੰਬਰ 5 ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਵਿਦਿਆਰਥੀਆਂ ਨੇ ਕੁੱਲ 596/600 ਅੰਕ ਪ੍ਰਾਪਤ ਕੀਤੇ ।ਸਮੁੱਚੇ ਇਲਾਕੇ ਵਿੱਚ ਇਸ ਨਾਲ ਖੁਸ਼ੀ ਦੀ ਲਹਿਰ ਫੈਲ ਗਈ ।ਪ੍ਰਿੰਸੀਪਲ ਮੀਨੂ ਗੁਪਤਾ ਨੇ ਸਕੂਲ ਦੇ ਅਧਿਆਪਕਾਂ ਨਾਲ ਵਿਦਿਆਰਥਣ ਦੇ ਘਰ ਜਾ ਕੇ ਉਸ ਨੂੰ ਸਨਮਾਨਿਤ ਕੀਤਾ ।ਵਾਈਸ ਪ੍ਰਿੰਸੀਪਲ ਸ਼੍ਰੀਮਤੀ ਬੰਦਨਾ ਸ਼ਰਮਾ ਨੇ ਵੀ ਪ੍ਰਿੰਸੀਪਲ ਸਾਹਿਬਾ ਦਾ ਯੋਗ ਅਗਵਾਈ ਲਈ ਧੰਨਵਾਦ ਕੀਤਾ। ਸਕੂਲ ਦੇ ਅਧਿਆਪਕ ਸ਼੍ਰੀਮਤੀ ਜੀਵਨ ਸ਼੍ਰੀਮਤੀ ਨੀਰੂ ਸ਼ਰਮਾ ਸ਼੍ਰੀਮਤੀ ਬਿੰਦੂ ਸ਼੍ਰੀਮਤੀ ਜਸਵੀਰ ਕੌਰ ਸ਼੍ਰੀਮਤੀ ਕੁਲਵਿੰਦਰ ਕੌਰ ਸ਼੍ਰੀਮਤੀ ਬਿਮਲਾ ਦੇਵੀ ਸਨਮਾਨ ਸਮਾਰੋਹ ਵਿੱਚ ਹਾਜ਼ਰ ਸਨ।

ਆਰ ਐੱਮ ਪੀ ਆਈ ਵਲੋਂ 'ਸੰਵਿਧਾਨ ਬਚਾਓ ਦੇਸ਼ ਬਚਾਓ ਕਾਰਪੋਰੇਟ ਭਜਾਓ' ਪ੍ਰੋਗਰਾਮ ਮਹਿੰਦਵਾਣੀ ਵਿਖੇ ਮੀਟਿੰਗ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (R M P I) ਵਲੋਂ ਸੰਵਿਧਾਨ ਬਚਾਓ ਦੇਸ਼ ਬਚਾਓ ਕਾਰਪੋਰੇਟ ਭਜਾਓ ਪ੍ਰੋਗਰਾਮ ਤਹਿਤ ਪਿੰਡ ਮਹਿੰਦਵਾਣੀ ਤਹਿਸੀਲ ਗੜ੍ਹਸ਼ੰਕਰ ਵਿਖੇ ਮੀਟਿੰਗ ਕੀਤੀ ਗਈ ।ਇਸ ਮੀਟਿੰਗ ਵਿੱਚ ਪਿੰਡ ਦੀਆਂ ਔਰਤਾਂ ਅਤੇ ਮਰਦਾਂ ਨੇ ਭਰਵੀਂ ਸ਼ਮੂਲੀਅਤ ਕੀਤੀ ।ਇਸ ਮੀਟਿੰਗ ਨੂੰ ਜ਼ਿਲ੍ਹੇ ਦੇ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ ।ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਜਦੋਂ ਦੀ ਬੀਜੇਪੀ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਲੋਕਾਂ ਦੇ ਬੁਨਿਆਦੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ ।ਜਿਸ ਸੰਵਿਧਾਨ ਦੀ ਸਹੁੰ ਚੁੱਕ ਕੇ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠੇ ਹਨ ।ਉਸੇ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ।ਇਸ ਦੀ ਆੜ ਵਿੱਚ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਮਨੂ ਸਿਮਰਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।ਦੇਸ਼ ਵਿੱਚ ਪਬਲਿਕ ਦੇ ਅਦਾਰੇ ਕੌਡੀਆਂ ਦੇ ਭਾਅ ਆਪਣੇ ਚਹੇਤਿਆਂ ਨੂੰ (ਅੰਡਾਨੀਆ ਅੰਬਾਨੀਆ)ਨੂੰ ਬੇਚੈ ਜਾ ਰਹੇ ਹਨ ।ਜੇ ਕੋਈ ਵੀ ਇਸ ਦਾ ਵਿਰੋਧ ਕਰਦਾ ਹੈ ਤਾਂ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ ।ਮਜ਼ਦੂਰਾਂ ਦੀ ਸੁਰੱਖਿਆ ਦੀ ਕੋਈ

ਪਰਵਾਹ ਨਹੀਂ ।ਮਜ਼ਦੂਰਾਂ ਨੂੰ ਅੱਠ ਘੰਟੇ ਕੰਮ ਕਰਨ ਦੀ ਬਜਾਏ ਬਾਰਾਂ - ਬਾਰਾਂ ਘੰਟੇ ਕੰਮ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।ਦੇਸ਼ਵਿੱਚ ਰਹਿੰਦੇ ਘੱਟ ਗਿਣਤੀ ਦੇ ਲੋਕਾਂ ਤੇ ਹਰ ਦਿਨ ਅੱਤਿਆਚਾਰ ਕੀਤੇ ਜਾ ਰਹੇ ਹਨ ।ਇਸ ਤੋਂ ਬਾਅਦ ਸਿੱਖਾਂ ਤੇ ਯੋਜਨਾਬੱਧ ਤਰੀਕੇ ਨਾਲ ਹਮਲੇ ਕੀਤੇ ਜਾ ਰਹੇ ਹਨ ।ਜਿਸ ਦੀ ਤਾਜ਼ਾ ਮਿਸਾਲ ਹਿਮਾਚਲ ਪ੍ਰਦੇਸ਼ ਵਿੱਖੇ ਹੋਏ ਵਹੀਕਲਾਂ ਤੋਂ ਨਿਸ਼ਾਨ ਸਾਹਿਬ ਅਤੇ ਫੋਟੋਆਂ ਨੂੰ ਪਾੜਿਆ ਗਿਆ ਅਤੇ ਪੰਜਾਬ ਵਿੱਚ ਹਿਮਾਚਲ ਪ੍ਰਦੇਸ਼ ਦੀਆ ਬੱਸਾਂ ਦੀ ਭੰਨਤੋੜ ਕੀਤੀ ਗਈ ।ਇਹ ਸਾਰਾ ਕੁਝ ਇੱਕ ਗਿਣੀ ਮਿੱਥੀ ਯੋਜਨਾ ਤਹਿਤ ਕੀਤਾ ਗਿਆ ਹੈ ।ਇਹ ਮਜ਼ੂਦਾ ਦੇਸ਼ ਦੀ ਸਰਕਾਰੀ ਸ਼ਹਿ ਤੇ ਕੀਤਾ ਜਾ ਰਿਹਾ ਹੈ ।ਲੋਕਾਂ ਨੂੰ ਧਰਮਾਂ ਦੇ ਨਾਂ ਜਾਤਾਂ ਦੇ ਨਾਂ ਤੇ ਭਰਾ ਮਾਰੂ ਆਪਸ ਵਿੱਚ ਲੜਾਇਆ ਜਾ ਰਿਹਾ ਹੈ ।ਦੇਸ਼ ਵਿੱਚ ਇਸਤਰੀਆਂ ਅਤੇ ਬੱਚੀਆਂ ਵੀ ਸੁਰੱਖਿਅਤ ਨਹੀਂ ਹਨ । ਦੇਸ਼ ਦੀ ਜਵਾਨੀ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ। ਇਹ ਸਭ ਕੁਝ ਲੋਕਾਂ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ)ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਇਕੱਠ ਕਰਕੇ ਮੀਟਿੰਗਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ।ਅੱਜ ਦੀ ਇੱਕਤਰਤਾ ਨੂੰ ਜ਼ਿਲ੍ਹੇ ਦੇ ਆਗੂ ਕਾਮਰੇਡ ਰਾਮਜੀ ਦਾਸ ਚੌਹਾਨ,ਕੁਲਭੂਸ਼ਨ ਕੁਮਾਰ,ਦਵਿੰਦਰ ਕੁਮਾਰ ਤੋਂ ਇਲਾਵਾ ਰਾਕੇਸ਼ ਕੁਮਾਰ, ਜਸਵਿੰਦਰ ਸਿੰਘ ਅਤੇ ਲੰਬੜਦਾਰ ਦਰਸ਼ਨ ਸਿੰਘ ਨੇ ਸੰਬੋਧਨ ਕੀਤਾ।

ਏਕਮ ਪਬਲਿਕ ਸਕੂਲ 'ਚ ਕਰਵਾਇਆ ਪੇਰੈਂਟਸ ਓਰੀਐਂਟੇਸ਼ਨ ਸੈਸ਼ਨ

ਮਹਿਤਪੁਰ (ਰਾਜਾ) ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਗਿਆਰਵ

6 Apr Page-8.qxd 4/5/2025 11:05 PM Page 1

ਆਪਸ 'ਚ ਟਕਰਾਏ ਤਿੰਨ ਵਾਹਨ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

ਫਗਵਾੜਾ (ਡਾ. ਰਮਨ) ਫਗਵਾੜਾ-ਹੁਸ਼ਿਆਰਪੁਰ ਰੋਡ 'ਤੇ ਪਿੰਡ ਖਾਟੀ ਦੇ ਨਜਦੀਕ ਤਿੰਨ ਵਾਹਨ ਆਪਸ ਵਿਚ ਟਕਰਾ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਦੁਪਿਹਰ ਕਰੀਬ 12 ਵਜੇ ਫਗਵਾੜਾ ਤੋਂ ਹੁਸ਼ਿਆਰਪੁਰ ਸਾਈਡ ਨੂੰ ਜਾ ਰਹੇ ਕੈਂਟਰ ਦੇ ਅੱਗੇ ਜਾ ਰਹੀ ਕਾਰ ਦੇ ਚਾਲਕ ਨੇ ਅਚਾਨਕ ਬ੍ਰੇਕ ਲਗਾ ਦਿੱਤੀ। ਜਿਸ ਤੇ ਕੈਂਟਰ ਚਾਲਕ ਨੇ ਕੈਂਟਰ ਸੱਜੇ ਪਾਸੇ ਨੂੰ ਕੱਟਿਆ ਤਾਂ ਸਾਹਮਣੇ ਤੋਂ ਆ ਰਹੇ ਅਸ਼ੋਕ ਲੀਲੈਂਡ ਨਾਲ ਟਕਰਾ ਗਿਆ। ਇਸੇ ਦੌਰਾਨ ਪਿੱਛੋਂ ਆ ਰਹੀ ਇਕ ਅਰਟਿਗਾ ਕਾਰ ਵੀ ਦੁਰਘਟਨਾ ਦਾ ਸ਼ਿਕਾਰ ਹੋ ਗਈ। ਗਨੀਮਤ ਇਹ ਰਹੀ ਕਿ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਕ ਵਿਅਕਤੀ ਦੇ ਜਖਮੀ ਹੋਣ ਦੀ ਸੂਚਨਾ ਹੈ। ਹਾਦਸੇ ਵਿਚ ਵਾਹਨਾਂ ਦਾ ਵੀ ਨੁਕਸਾਨ ਹੋਇਆ ਹੈ।

ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ

ਫਿਲੌਰ (ਨਿਰਮਲ)- ਰੇਲਵੇ ਪੁਲਸ ਚੌਕੀ ਫਿਲੌਰ ਦੇ ਇੰਚਾਰਜ ਥਾਣੇਦਾਰ ਪ੍ਰੇਮ ਨਾਥ ਨੇ ਦੱਸਿਆ ਕਿ ਫਿਲੌਰ ਨੇੜੇ ਰੇਲਵੇ ਲਾਈਨਾਂ ਪਾਰ ਕਰਦੇ ਸਮੇਂ ਇਕ 50-55 ਸਾਲਾ ਮੋਨਾ ਵਿਅਕਤੀ ਫਲਾਇੰਗ ਮੇਲ ਰੇਲ ਗੱਡੀ ਦੀ ਲਪੇਟ ਵਿੱਚ ਆ ਗਿਆ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਦੀ ਪਹਿਚਾਣ ਨਹੀਂ ਹੋ ਸਕੀ। ਉਸ ਦੀਆਂ ਮੁੱਛਾਂ ਕਤਰਾਵੀਆਂ ਕਰੀਮ ਰੰਗ ਦਾ ਕੁੜਤਾ ਪਜਾਮਾ ਪਾਇਆ ਹੋਇਆ ਸੀ। ਲਾਸ਼ ਨੂੰ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਰੱਖ ਕੇ ਉਸ ਦੇ ਵਾਰਸਾਂ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ।

ਕਿਸਾਨਾਂ ਤੇ ਆਮ ਲੋਕਾਂ ਨੇ ਮੋਦੀ ਤੇ ਟਰੰਪ ਦੇ ਪੁਤਲੇ ਫੂਕੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਮੈਂਬਰ ਹਰਬੰਸ ਸਿੰਘ ਸੰਘਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸਾਰੇ ਪੰਜਾਬ ਵਿੱਚ ਤਹਿਸੀਲ ਅਤੇ ਬਲਾਕ ਹੈੱਡ ਕੁਆਟਰ ਉਤੇ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਪੁਤਲੇ ਫੂਕੇ ਗਏ। ਇਸ ਪ੍ਰੋਗਰਾਮ ਦੀ ਲੜੀ ਵਜੋਂ ਹੁਸ਼ਿਆਰਪੁਰ ਤਹਿਸੀਲ ਦੇ ਸਾਹਮਣੇ ਕਿਸਾਨਾਂ ਅਤੇ ਹੋਰ

ਲੋਕਾਂ ਨੇ ਇਕੱਠੇ ਹੋ ਕੇ ਦੋਹਾਂ ਦੇ ਪੁਤਲੇ ਫੂਕੇ। ਉਨ੍ਹਾਂ ਦਸਿਆ ਕਿ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦਬਕਾ ਮਾਰ ਕੇ ਅਮਰੀਕਾ ਤੋਂ ਆ ਰਹੀਆਂ ਵਸਤਾਂ ਉਤੇ ਟੈਕਸ ਕਾਫੀ ਘਟਾਉਣ ਦਾ ਅਮਰੀਕਾ ਦੇ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਅਤੇ ਦੂਜੇ ਪਾਸੇ ਟਰੰਪ ਨੇ ਭਾਰਤ ਤੋਂ ਜਾਣ ਵਾਲੀਆਂ ਵਸਤਾਂ 'ਤੇ ਟੈਕਸ ਵਧਾ ਕੇ 26 ਫੀਸਦ ਕਰ ਦਿੱਤਾ ਹੈ। ਜੇ ਇਹ ਸਾਰਾ ਕੁਝ ਲਾਗੂ ਹੋ ਜਾਂਦਾ ਹੈ ਤਾਂ ਸਾਡੇ ਦੇਸ਼ ਦੀ ਖੇਤੀ ਬਾੜੀ, ਖੇਤੀ ਬਾੜੀ ਤੇ ਨਿਰਭਰ ਉਦਯੋਗ, ਮੰਡੀ ਸਿਸਟਮ ਅਤੇ ਮਜ਼ਦੂਰ ਵਰਗ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ। ਅਸੀਂ ਮੰਗ ਕਰਦੇ ਹਾਂ ਕਿ ਜਿਹੜੀ ਸਹਿਮਤੀ ਕੇਂਦਰ ਸਰਕਾਰ ਨੇ ਅਮਰੀਕਾ ਨੂੰ ਦਿੱਤੀ ਹੈ ਉਹ ਵਾਪਸ ਲਈ ਜਾਵੇ।ਅਰਥੀ ਫੂਕ ਪ੍ਰਦਰਸ਼ਨ ਵਿਚ ਕਾ. ਗੁਰਮੇਸ਼ ਸਿੰਘ, ਪਰਸ਼ਨ ਸਿੰਘ, ਬਲਰਾਜ ਸਿੰਘ, ਗੁਰਜੀਤ ਸਿੰਘ ਮਰਨਾਈਆਂ ਸਾਰੇ ਕੁਲ ਹਿੰਦ ਕਿਸਾਨ ਸਭਾ ਤੋਂ ਦਵਿੰਦਰ ਸਿੰਘ ਕਕੋਂ, ਡਾ. ਸੁਖਦੇਵ ਸਿੰਘ ਢਿੱਲੋਂ, ਕੁਲਦੀਪ ਲਾਲ ਕਕੋਂ, ਮਨਜੀਤ ਬਾਜਵਾ, ਗੁਰਚਰਨ ਸਿੰਘ, ਬਲਜੀਤ ਸਿੰਘ ਸਾਰੇ ਜਮਹੂਰੀ ਕਿਸਾਨ ਸਭਾ ਤੋਂ, ਓਮ ਸਿੰਘ ਮੇਹਟਿਆਣਾ ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਬਲਵਿੰਦਰ ਸਿੰਘ, ਜੋਗਾ ਸਿੰਘ, ਮੰਗਤ ਸਿੰਘ, ਬਲਵਿੰਦਰ ਸਿੰਘ ਕਾਹਰੀ, ਹਰਬੰਸ ਸਿੰਘ ਸੰਘਾ, ਬਲਜੀਤ ਸਿੰਘ ਅਤੇ ਸੁਖਦੇਵ ਸਿੰਘ ਪ੍ਰਧਾਨ ਸਾਰੇ ਕਿਸਾਨ ਕਮੇਟੀ ਦੋਆਬਾ ਪੰਜਾਬ ਅਤੇ ਇਕ ਸਾਥੀ ਸਠਿਆਣਾ ਤੋਂ ਕਿਰਤੀ ਕਿਸਾਨ ਯੂਨੀਅਨ ਦੇ ਹਾਜ਼ਰ ਸਨ।

ਫਰਾਲਾ ਵਿਖੇ ਡਰੇਨ ਦਾ ਟੁੱਟਿਆ ਹੋਇਆ ਪੁਲ ਬਣਾਉਣ ਦੀ ਮੰਗ

ਬੰਗਾ (ਅਵਤਾਰ ਕਲੇਰ) ਪਿੰਡ ਫਰਾਲਾ ਦੀ ਡਰੇਨ ਦੇ ਪੁਲ ਦਾ ਕੁੱਝ ਹਿੱਸਾ ਟੁੱਟ ਕੇ ਹੇਠਾਂ ਡਿੱਗਿਆ ਹੋਇਆ ਹੈ, ਇਥੇ ਕਿਸੇ ਵੀ ਵੇਲੇ ਹਾਦਸਾ ਹੋ ਸਕਦਾ ਹੈ।ਸਰਪੰਚ ਗੁਰਜਿੰਦਰ ਕੌਰ ਮਾਨ ਨੇ ਦੱਸਿਆ ਕਿ ਇਸ ਸਬੰਧੀ ਕਈ ਵਾਰ ਡਰੇਨ ਵਿਭਾਗ ਨੂੰ ਵੀ ਜਾਣਕਾਰੀ ਦਿੱਤੀ ਗਈ ਹੈ ਪਰ ਅੱਜ ਤੱਕ ਇਸ ਦਾ ਕੋਈ ਹੱਲ ਨਹੀਂ ਕੀਤਾ ਗਿਆ। ਇਹ ਪੁਲ ਪਿੰਡ ਫਰਾਲਾ ਨੂੰ ਅੱਗੇ ਮੁੰਨਾ ਤੇ ਮਹੰਤ ਗੁਰਬਚਨ ਦਾਸ ਨਗਰ ਨਾਲ ਜੋੜਦਾ ਹੈ।ਇਹ ਪੁਲ ਪਿੰਡ ਵਾਸੀਆਂ ਲਈ ਮੁਸੀਬਤ ਬਣਿਆ ਹੋਇਆ ਹੈ ।ਇਹ ਪੁਲ ਬਹੁਤ ਹੀ ਪੁਰਾਣਾ ਹੈ ਤੇ ਇਸ ਦੀ ਹਾਲਤ ਖ਼ਸਤਾ ਬਣ ਚੁੱਕੀ ਹੈ। ਪਿੰਡ ਦੀ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਡਰੇਨ ਵਿਭਾਗ ਅਤੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਇਹ ਪੁਲ ਛੇਤੀ ਤੋਂ ਛੇਤੀ ਬਣਾਇਆ ਜਾਵੇ। ਇਸ ਮੌਕੇ ਜੱਸਾ ਮਾਨ, ਜਸਵਿੰਦਰ ਸਿੰਘ,ਸਨੀ ਸੁਖਵਿੰਦਰ, ਸਰਬਜੀਤ ਹੁੰਦਲ, ਦਲਜੀਤ ਸਿੰਘ, ਪਰਮਜੀਤ ਕੌਰ, ਗੁਰਜੀਤ ਕੌਰ, ਗੱਜਣ ਸਿੰਘ, ਬਲਵੀਰ ਕੌਰ, ਗੁਰਪ੍ਰੀਤ ਸਹੋਤਾ, ਤਲਵਿੰਦਰ ਅਟਵਾਲ, ਮਨਦੀਪ, ਗੁਰਮੁੱਖ ਸਿੰਘ, ਸਾਬੀ ਅਟਵਾਲ ,ਜੈਲੀ ਤੇ ਹੋਰ ਵੀ ਪਿੰਡ ਵਾਸੀ ਮੌਜੂਦ ਸਨ।

ਫੁੱਲ ਐਂਡ ਫਾਈਨਲ ਪੇਮੈਂਟ ਤੱਕ ਜਾਰੀ ਰਹੇਗਾ ਸੰਘਰਸ਼ : ਕਮਲ ਸਰੋਜ/ਰਵੀ ਸਿੱਧੂ

ਫਗਵਾੜਾ (ਜਸਵਿੰਦਰ ਢੱਡਾ) ਜੇਸੀਟੀ ਮਿੱਲ ਮਜ਼ਦੂਰ ਸੰਘਰਸ਼ ਕਮੇਟੀ ਦਾ ਇੱਕ ਵਫ਼ਦ ਥਾਪਰ ਕਲੋਨੀ ਦੇ ਕੌਂਸਲਰ ਰਵੀ ਸਿੱਧੂ ਅਤੇ ਸ਼ਿਵ ਸੈਨਾ ਯੂਬੀਟੀ ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੂੰ ਮਿਲਿਆ।ਉਨ੍ਹਾਂ ਨੇ ਐਸ.ਡੀ.ਐਮ. ਨੂੰ ਦੱਸਿਆ ਕਿ ਜੇਸੀਟੀ ਮਿੱਲ ਮਜ਼ਦੂਰਾਂ ਨੂੰ ਬਕਾਇਆ ਪੀ.ਐਫ. ਤਨਖਾਹਾਂ ਅਤੇ ਭੱਤਿਆਂ ਆਦਿ ਦਾ ਭੁਗਤਾਨ ਨਾ ਹੋਣ ਕਾਰਨ ਭਾਰੀ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਸ.ਡੀ.ਐਮ. ਨੇ ਭਰੋਸਾ ਦਿੱਤਾ ਹੈ ਕਿ ਪੀ.ਐਫ. ਭੁਗਤਾਨ ਲਈ ਦਸਤਾਵੇਜ਼ ਪ੍ਰਕਿਰਿਆ ਦਾ ਲਗਭਗ ਅੱਸੀ ਪ੍ਰਤੀਸ਼ਤ ਕੰਮ ਪੂਰਾ ਹੋ ਗਿਆ ਹੈ। ਬਹੁਤ ਜਲਦੀ ਹੀ ਮਜ਼ਦੂਰਾਂ ਦੇ ਹੱਕਦਾਰ ਪੈਸੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰਵਾ ਦਿੱਤੇ ਜਾਣਗੇ।ਉਨ੍ਹਾਂ ਨੇ ਵਰਕਰਾਂ ਨੂੰ ਕਿਸੇ ਦੇ ਝਾਂਸੇ ਵਿੱਚ ਨਾ ਆਉਣ ਦੀ ਹਦਾਇਤ ਵੀ ਕੀਤੀ।ਉਨ੍ਹਾਂ ਚੇਤਾਵਨੀ ਵੀ ਦਿੱਤੀ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ-ਅੰਦਰ ਪੀ.ਐਫ. ਕਾਗਜੀ ਪ੍ਰਕ੍ਰਿਆ ਪੂਰੀ ਨਾ ਹੋਈ ਤਾਂ ਪੀ.ਐਫ. ਕਮਿਸ਼ਨਰ ਜਲੰਧਰ ਦਾ ਘਿਰਾਓ ਕੀਤਾ ਜਾਵੇਗਾ।ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮਜ਼ਦੂਰਾਂ ਦੀ ਪੂਰੀ ਅਤੇ ਅੰਤਿਮ ਅਦਾਇਗੀ ਨਹੀਂ ਹੋ ਜਾਂਦੀ।ਇਸ ਮੌਕੇ ਨਵਲ ਕਿਸ਼ੋਰ ਸਿੰਘ, ਉਮੇਸ਼ ਗਿਰੀ, ਰਘੁਨਾਥ, ਪਵਨ ਸਿੰਘ, ਰਵਿੰਦਰ ਯਾਦਵ, ਪਵਨ ਮਿਸ਼ਰਾ, ਭੱਭੀ ਭੂਸ਼ਨ, ਰਾਕੇਸ਼ ਮਿਸ਼ਰਾ ਆਦਿ ਹਾਜ਼ਰ ਸਨ।

ਮੁੱਖ ਮੰਤਰੀ ਦੀ ਯੋਗਸ਼ਾਲਾ ਲੋਕਾਂ ਨੂੰ ਦੇ ਰਹੀ ਹੈ ਨਿਰੋਗ ਜੀਵਨ : ਐਸ ਡੀ ਐਮ

ਜ਼ੀਰਕਪੁਰ (ਕ੍ਰਿਸ਼ਨ ਗਰਗ)— ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਨੂੰ ਨਰੋਈ ਸਿਹਤ ਪ੍ਰਦਾਨ ਕਰਨ ਦੇ ਮਕਸਦ ਨਾਲ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਚਲ ਰਹੀ ਸੀ ਐਮ ਦੀ ਯੋਗਸ਼ਾਲਾ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ, ਜਿਸ ਦਾ ਹਰ ਉਮਰ ਵਰਗ ਦੇ ਲੋਕ ਲਾਭ ਲੈ ਕੇ ਜੀਵਨ ਨੂੰ ਨਿਰੋਗ ਬਣਾ ਰਹੇ ਹਨ। ਐਸ.ਡੀ.ਐਮ. ਡੇਰਾਬਸੀ, ਅਮਿਤ ਗੁਪਤਾ ਨੇ ਦੱਸਿਆ ਕਿ ਜ਼ੀਰਕਪੁਰ ਅਤੇ ਡੇਰਾਬਸੀ ਵਿੱਚ ਵੱਖ-ਵੱਖ ਥਾਵਾਂ 'ਤੇ ਸੀ ਐਮ ਦੀ ਯੋਗਸ਼ਾਲਾ ਅਧੀਨ ਮੁਫਤ ਯੋਗਾ ਕਲਾਸਾਂ ਲਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ, ਬਜ਼ੁਰਗ ਅਤੇ ਜੁਆਨ ਹਰ ਵਰਗ ਦੇ ਯੋਗ ਸਾਧਕ ਹਿੱਸਾ ਲੈ ਰਹੇ ਹਨ। ਮਾਹਿਰ ਯੋਗਾ ਟ੍ਰੇਨਰ ਗੁਰਪ੍ਰਦੀਪ ਕੌਰ ਜ਼ੀਰਕਪੁਰ ਵਿਖੇ ਰੋਜ਼ਾਨਾ 6 ਯੋਗਾ ਕਲਾਸਾਂ ਲਗਾ ਰਹੀ ਹੈ । ਉਨ੍ਹਾਂ ਵੱਲੋਂ ਪਹਿਲੀ ਕਲਾਸ ਸ੍ਰੀ ਕ੍ਰਿਸ਼ਨਾ ਹੋਮਜ਼, ਢਕੋਲੀ, ਜ਼ੀਰਕਪੁਰ ਦੂਸਰੀ ਕਲਾਸ ਰਗਾਲੀਆ ਟਾਵਰਜ, ਢਕੋਲੀ, ਜ਼ੀਰਕਪੁਰ ਤੀਸਰੀ ਅਤੇ ਚੌਥੀ ਕਲਾਸ ਬਸੰਤ ਵਿਹਾਰ ਫੇਜ਼-1 ਪਾਰਕ ਢਕੋਲੀ, ਜ਼ੀਰਕਪੁਰ ਵਿਖੇ, ਪੰਜਵੀਂ ਕਲਾਸ ਏਅਰ ਫੋਰਸ ਇਨਕਲੇਵ, ਸ਼ਿਵ ਮੰਦਿਰ, ਢਕੋਲੀ, ਜ਼ੀਰਕਪੁਰ ਵਿਖੇ ਅਤੇ ਆਖਰੀ ਕਲਾਸ ਕ੍ਰਿਸ਼ਨਾ ਇਨਕਲੇਵ, ਬਲਾਕ ਬੀ ਅਤੇ ਡੀ ਪਾਰਕ, ਢਕੋਲੀ, ਜ਼ੀਰਕਪੁਰ ਵਿਖੇ ਸ਼ਾਮ 6 ਵਜੇ ਤੋਂ 7 ਵਜੇ ਤੱਕ ਲਾਈ ਜਾਂਦੀ ਹੈ।

ਪੀ ਡਬਲਯੂ ਡੀ ਦੇ ਮੁਲਾਜ਼ਮਾਂ ਨੇ 10 ਦੀ ਰੈਲੀ 'ਚ ਸ਼ਮੂਲੀਅਤ ਦਾ ਲਿਆ ਫੈਸਲਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਹੁਸ਼ਿਆਰਪੁਰ ਦੀ ਮੀਟਿੰਗ ਜੋਨ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈ। ਜਿਸ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ 10 ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾਣ ਵਾਲੀ ਰੈਲੀ ਵਿੱਚ ਜਥੇਬੰਦੀ ਦੇ ਵੱਡੀ ਗਿਣਤੀ ਵਿੱਚ ਸਾਥੀਆਂ ਦੀ ਸ਼ਮੂਲੀਅਤ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।ਜੋਨ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ, ਗੁਰਮੀਤ ਸਿੰਘ, ਰਾਜੀਵ ਸ਼ਰਮਾ, ਸ਼ਾਂਤੀ ਸਰੂਪ ਨੇ ਕਿਹਾ ਕਿ ਸਮੂਹ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ,ਵੱਖ ਵੱਖ ਵਿਭਾਗਾਂ ਅੰਦਰ ਖਾਲੀ ਪਈਆਂ ਅਸਾਮੀਆਂ 'ਤੇ ਨਵੀਂ ਭਰਤੀ ਕਰਨ, ਆਂਗਣਵਾੜੀ,ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਨੂੰ ਮੁਲਾਜ਼ਮ ਮੰਨ ਕੇ ਮੁੱਢਲੀ ਤਨਖਾਹ ਲਾਗੂ ਕਰਵਾਉਣ,1-1-2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ, ਰਹਿੰਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਯਾਰੀ ਕਰਵਾਉਣ, ਕੇਂਦਰੀ ਤਨਖਾਹ ਸਕੇਗਾ ਦੀ ਥਾਂ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ ਅਤੇ ਨੇ ਕਮਿਸ਼ਨ ਦਾ ਬਕਾਇਆ ਯਕਮੁਸ਼ਤ ਅਦਾ ਕਰਵਾਉਣ ਲਈ ਇਹ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਮੀਟਿੰਗ ਵਿੱਚ ਵਿਨੋਦ ਕੁਮਾਰ, ਸਤੀਸ਼ ਕੁਮਾਰ, ਗੁਰਨਾਮ ਸਿੰਘ ਗੜ੍ਹਸ਼ੰਕਰ, ਸ਼ਾਮ ਸਿੰਘ ਤਲਵਾੜਾ, ਟੇਕ ਚੰਦ, ਗੁਰਨਾਮ ਚੰਦ ਮਾਹਿਲਪੁਰ, ਰਕੇਸ਼ ਕੁਮਾਰ, ਬਲਵੰਤ ਸਿੰਘ,ਜਸਵੀਰ ਸਿੰਘ ਹੁਸ਼ਿਆਰਪੁਰ ਅਮੋਲਕ ਸਿੰਘ ਟਾਂਡਾ, ਅਜੇ ਕੁਮਾਰ ਦਸੂਹਾ, ਰਵਿੰਦਰ ਕੁਮਾਰ,ਪ੍ਰਤੀਮ ਸਿੰਘ ਮੁਕੇਰੀਆਂ ਹਾਜ਼ਰ ਸਨ।

ਬਸਪਾ ਵੱਲੋਂ ਨਗਰ ਕੌਂਸਲ ਖਿਲਾਫ ਧਰਨਾ ਪ੍ਰਦਰਸ਼ਨ ਤੇ ਟ੍ਰੈਫਿਕ ਜਾਮ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸਥਾਨਕ ਨਗਰ ਕੌਂਸਲ ਦਫਤਰ ਦੇ ਸਾਹਮਣੇ ਬਸਪਾ ਪਾਰਟੀ ਵਲੋਂ ਧਰਨਾ ਪ੍ਰਦਰਸ਼ਨ ਕੀਤਾ ਗਿਆ, ਸੜਕਾਂ 'ਤੇ ਦਰੀਆਂ ਵਿਛਾ ਕੇ ਟ੍ਰੈਫਿਕ ਜਾਮ ਕੀਤਾ ਗਿਆ।ਬਸਪਾ ਜਰਨਲ ਸਕੱਤਰ ਪੰਜਾਬ ਗੁਰਮੇਲ ਚੁੰਬਰ , ਦੇਵ ਰਾਜ ਸੁੰਮਨ ਬਸਪਾ ਪ੍ਰਧਾਨ ਵਿਧਾਨ ਸਭਾ ਹਲਕਾ ਨਕੋਦਰ , ਕੁਲਦੀਪ ਦੀਪਾ ਬਸਪਾ ਸ਼ਹਿਰੀ ਪ੍ਰਧਾਨ , ਵਲੈਤੀ ਰਾਮ ਕੌਂਸਲਰ , ਸੁਮਨ ਕੁਮਾਰੀ ਕੌਂਸਲਰ , ਜਗਦੀਸ਼ ਸ਼ੇਰਪੁਰੀ ਬਸਪਾ ਦਿਹਾਤੀ ਪ੍ਰਧਾਨ ਜ਼ਿਲ੍ਹਾ ਜਲੰਧਰ , ਮਲਕੀਤ ਰਾਮ ਚੁੰਬਰ , ਰਾਮ ਦਾਸ ਸਰਪੰਚ , ਕਸ਼ਮੀਰੀ ਲਾਲ ਆਦਿ ਨੇ ਦੱਸਿਆ ਕਿ,ਮਹੁੱਲਾ ਕੋਟਲਾ ਵਿਚ ਪਾਣੀ ਦੀ ਮੋਟਰ ਨੂੰ ਖਰਾਬ ਹੋਇਆ 30-35 ਦਿਨ ਹੋ ਗਏ ਹਨ। ਇਸ ਸਬੰਧੀ ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ ਅਤੇ ਕੌਂਸਲ ਦੇ ਕਾਰਜ਼ ਸਾਧਕ ਅਫਸਰ ਨੂੰ ਬਾਰ -ਬਾਰ ਕਹਿ ਚੁੱਕੇ ਹਨ। ਪਰ ਇਸ ਦਾ ਕੋਈ ਨਹੀਂ ਹੱਲ ਨਹੀਂ ਹੋਇਆ ਲੋਕ ਪਾਣੀ ਨੂੰ ਤਰਸ ਰਹੇ ਹਨ। ਸ਼ਹਿਰ ਵਿਚ ਸੀਵਰੇਜ਼ , ਸਟਰੀਟ ਲਾਈਟਾਂ ਤੇ ਸਫਾਈ ਦਾ ਬਹੁਤ ਬੁਰਾ ਹਾਲ ਹੈ। ਕਿਸੇ ਵੀ ਸ਼ਹਿਰ ਵਾਸੀ ਦਾ ਦਫਤਰ ਵਿਚ ਕੰਮ ਨਹੀਂ ਹੋ ਰਿਹਾ। ਲੋਕ ਅੱਕੇ ਪਏ ਹੋਏ ਹਨ। ਜਦੋਂ ਲੋਕਾਂ ਦਾ ਸਬਰ ਦਾ ਪਿਆਲਾ ਭਰ ਗਿਆ ਤਾਂ ਲੋਕ ਸੜਕਾਂ ਤੇ ਆ ਕੇ ਕੌਂਸਲ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਨ। ਇਸ ਮੌਕੇ ਰਾਜਾ ਸਿੱਧਮ, ਕਮਲਜੀਤ ਬਸਰਾ ਕੁਲਦੀਪ ਕੁਮਾਰ ਸਰਪੰਚ, ਦਲਵੀਰ ਕਿਦੋਂ, ਸੁਰਿੰਦਰ ਸਮਰਾ, ਸੁਰਿੰਦਰ ਪਾਲ ਸੁੰਨੜ ਕਲਾਂ, ਰਾਜ ਕੁਮਾਰ ਕੋਟਲਾ , ਜਗਦੀਸ ਦੀਸ਼ਾ, ਨਛੱਤਰ ਸਿੰਘ, ਅਵਤਾਰ ਕੋਟਲਾ, ਮਨਪ੍ਰੀਤ ਕੋਟਲਾ, ਮੰਗਤ ਸਿੰਘ ਮੰਨਟੀ, ਬਾਗ਼ੂ ਰਾਮ ਸਿੱਧਮ, ਹਰਜੀਤ ਸਿੰਘ ਅਤੇ ਭਾਰੀ ਗਿਣਤੀ ਵਿਚ ਬਸਪਾ ਵਰਕਰ ਹਾਜ਼ਰ ਸਨ।

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸਕੂਲ ਦਾ ਗਿਆਰਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਮਾਹਿਲਪੁਰ (ਸਫ਼ਰੀ)— ਇੱਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਕੈਂਪਸ ਵਿੱਚ ਚਲਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏ

6 Apr Page-9.qxd 4/5/2025 11:03 PM Page 1

ਨਸ਼ੀਲੇ ਪਦਾਰਥ ਸਮੇਤ ਕਾਬੂ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਇੰਸ: ਪ੍ਰਭਜੋਤ ਕੌਰ ਮੁੱਖ ਅਫਸਰ, ਥਾਣਾ ਚੱਬੇਵਾਲ ਹੁਸ਼ਿਆਰਪੁਰ ਦੀ ਟੀਮ ਨੂੰ ਉਸ ਸਮੇ ਵੱਡੀ ਕਾਮਯਾਬੀ ਮਿਲੀ ਜਦੋ

ਐਸ ਆਈ ਚਤਵਿੰਦਰ ਸਿੰਘ ਥਾਣਾ ਚੱਬੇਵਾਲ ਸਮੇਤ ਪੁਲਸ ਪਾਰਟੀ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾ ਦੇ ਸੰਬੰਧ ਵਿੱਚ ਥਾਣਾ ਚੱਬੇਵਾਲ ਤੋਂ ਹੰਦੋਵਾਲ, ਜੈਤਪੁਰ, ਨੰਗਲ ਚੋਰਾਂ ਸਾਇਡ ਨੂੰ ਜਾ ਰਹੇ ਸੀ ਤਾਂ ਪੁਲਸ ਪਾਰਟੀ ਨੰਗਲ ਚੋਰਾਂ ਮੁੜੀ ਤਾਂ ਮੋਟਰਸਾਇਕਲ 'ਤ ਇੱਕ ਵਿਅਕਤੀ ਨੂੰ ਸ਼ੱਕ ਪੈਣ 'ਤੇ ਪੁਲਸ ਨੇ ਰੋਕਿਆ ਤਾਂ ਉਸ ਦੀ ਤਲਾਸ਼ੀ ਕਰਨ 'ਤੇ ਉਸ ਕੋਲੋਂ 35 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਜਿਸ ਦੀ ਪਛਾਣ ਮਨਜਿੰਦਰ ਸਿੰਘ ਉਰਫ ਮੰਨਾ ਵਾਸੀ ਬਿਲਾਸਪੁਰ ਥਾਣਾ ਚੱਬੇਵਾਲ ਹੋਈ। ਇਸ ਖਿਲਾਫ਼ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

ਐੱਸ ਐੱਸ ਜੈਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

ਡੇਰਾ ਬੱਸੀ (ਵਿਨੈ ਕੁਮਾਰ ਜੈਨ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 8ਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਜੈਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਪ੍ਰਿੰਸੀਪਲ ਡਾ. ਗਰਿਮਾ ਧਾਰੀਵਾਲ ਨੇ ਦੱਸਿਆ ਕਿ ਕੁਮਾਰੀ ਸੋਨਾਕਸ਼ੀ ਨੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕੁਮਾਰੀ ਤਾਨਿਆ ਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਤਨੂ ਨੇ 88 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਮੁਖੀ ਸੰਜੇ ਜੈਨ, ਮੈਨੇਜਰ ਰਾਜੇਸ਼ ਜੈਨ ਅਤੇ ਸਕੱਤਰ ਅਸ਼ਵਨੀ ਜੈਨ ਨੇ ਬੱਚਿਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਹਰਿਦੁਆਰ 'ਚ ਗੂੰਜੇ 'ਜੋ ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ' ਦੇ ਜੈਕਾਰੇ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਨਿਰਮਲਾ ਛਾਉਣੀ ਆਸ਼ਰਮ ਤੋਂ ਸ਼ੁਰੂ ਹੋ ਕੇ ਹਰਿ ਕੀ ਪਉੜੀ ਹਰਿਦੁਆਰ ਤਕ ਸ਼ਰਧਾ ਪੂਰਵਕ ਸਜਾਈ ਗਈ। ਇਸ ਵਿਚ ਪੰਜਾਬ, ਹਰਿਆਣਾ, ਹਿਮਾਚਲ, ਯੂ ਪੀ, ਉਤਰਾਖੰਡ ਅਤੇ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ ਹੁੰਮ ਹੁਮਾ ਕੇ ਸ਼ਾਮਲ ਹੋਈਆਂ। ਇਸ ਮੌਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਸਰੂਪ ਵਾਲੀਆਂ ਝਾਕੀਆਂ ਸਜਾਈਆਂ ਗਈਆਂ ਸਨ ਅਤੇ ਸੁੰਦਰ ਰੱਥ 'ਤੇ ਸੰਤ ਪ੍ਰਗਟ ਨਾਥ ਬਾਲ ਯੋਗੀ ਬਾਲਮੀਕੀ ਆਸ਼ਰਮ ਨਕੋਦਰ, ਸੰਤ ਇੰਦਰ ਦਾਸ ਸੇਖੇ ਅਤੇ ਸੰਤ ਪਰਮਜੀਤ ਦਾਸ ਡੇਰਾ ਸੱਚਖੰਡ ਸੰਤ ਮੇਲਾ ਰਾਮ ਨਗਰ ਵਾਲੇ ਸ਼ੋਭਾ ਯਾਤਰਾ ਦੀ ਅਗਵਾਈ ਕਰ ਰਹੇ ਸਨ। ਰਸਤੇ ਵਿਚ ਹਰਿਦੁਆਰ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਜਥੇਬੰਦੀਆਂ ਦੇ ਆਗੂਆਂ ਵਲੋਂ ਸੁਸਾਇਟੀ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਫੁੱਲ ਮਲਾਵਾਂ ਅਤੇ ਸਿਰਪਾਓ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਅਤੇ ਸੰਗਤਾਂ ਲਈ ਠੰਡੇ , ਮਿੱਠੇ ਜਲ ਦੀਆਂ ਸਬੀਲਾਂ ਤੇ ਫਰੂਟ ਦੇ ਲੰਗਰ ਲਗਾਏ ਗਏ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਦੀ ਸਰਪ੍ਰਸਤੀ ਹੇਠ ਅਤੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਅਤੇ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਦੀ ਅਗਵਾਈ ਹੇਠ ਹਰਿ ਕੀ ਪਉੜੀ ਗੰਗਾ ਘਾਟ ਤੇ ਆਰਤੀ ਅਤੇ ਕੀਰਤਨ ਦੇ ਦੀਵਾਨ ਸਜਾਏ ਗਏ।ਇਸ ਮੌਕੇ ਸੰਤਾਂ ਮਹਾਂਪੁਰਸ਼ਾਂ ਨੇ ਦੱਸਿਆ ਕਿ 6 ਅਪ੍ਰੈਲ ਨੂੰ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਅਤੇ 2 ਵਜੇ ਸ਼ੋਭਾ ਯਾਤਰਾ ਦੀ ਰੇਲ ਗੱਡੀ ਰਾਹੀਂ ਵਾਪਸੀ ਹੋਵੇਗੀ। ਇਸ ਮੌਕੇ ਸੰਤ ਪਰਮਜੀਤ ਦਾਸ ਨਗਰ,ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਪ੍ਰਗਟ ਨਾਥ ਬਾਲਯੋਗੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਹਰਮੀਤ ਸਿੰਘ, ਸੰਤ ਗੁਰਮੀਤ ਦਾਸ, ਰਮੇਸ਼ ਦਾਸ ਬਜਵਾੜਾ ਵੀ ਹਾਜਰ ਸਨ।

ਪ੍ਰਾਚੀਨ ਸ਼ਿਵ ਮੰਦਿਰ 'ਚ ਰਾਮ ਨੌਮੀ ਅੱਜ ਮਨਾਈ ਜਾਵੇਗੀ

ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ) ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਰਵਿੰਦਰਾ



ਗਿਰੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਤੇ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਅਸ਼ੀਰਵਾਦ ਦੇ ਨਾਲ 06 ਅਪ੍ਰੈਲ ਨੂੰ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿੱਚ ਸ਼੍ਰੀ ਰਾਮ ਨੌਮੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਿਰ ਵਿੱਚ ਸਵੇਰੇ 7 ਵਜੇ ਹਵਨ ਤੇ 09:00 ਵਜੇ ਕੰਜਕ ਪੂਜਨ ਕੀਤਾ ਜਾਵੇਗਾ। ਸ਼ਾਮ 07:30 ਵਜੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ (ਨੂਰਮਹਿਲ) ਵੱਲੋਂ ਕੀਰਤਨ ਕੀਤਾ ਜਾਵੇਗਾ ਤੇ ਉਪਰੰਤ ਲੰਗਰ ਵੀ ਅਟੁੱਟ ਵਰਤਾਇਆ ਜਾਵੇਗਾ।

ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਸਭਾ ਵੱਲੋਂ ਨਗਰ ਕੀਰਤਨ ਅੱਜ

ਕਾਲਾ ਸੰਘਿਆਂ (ਮਨਜੀਤ ਮਾਨ) ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਸਭਾ ਜਹਾਂਗੀਰ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ 17ਵਾਂ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਿੰਡ ਜਹਾਂਗੀਰ, ਖੋਸੇ ਤੋਂ 6 ਅਪ੍ਰੈਲ ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਆਗੂ ਅਤੇ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਜਹਾਂਗੀਰ ਨੇ ਪ੍ਰੈਸ ਨੂੰ ਦੱਸਿਆ ਕਿ ਇਹ ਵਿਸ਼ਾਲ ਨਗਰ ਕੀਰਤਨ ਪਿੰਡ ਜਹਾਂਗੀਰ ਖੋਸੇ ਤੋਂ ਗੁਰਦੁਆਰਾ ਸਾਹਿਬ ਤੋਂ ਅਰਦਾਸ ਬੇਨਤੀ ਕਰਨ ਉਪਰੰਤ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਵੇਰੇ 9 ਵਜੇ ਆਰੰਭ ਹੋਵੇਗਾ ਤੇ ਵੱਖ ਵੱਖ ਪਿੰਡਾਂ ਮੱਲ੍ਹੀਆ ਕਲਾਂ, ਨਵਾਂ ਪਿੰਡ ਮੱਲ੍ਹੀਆਂ ਖੁਰਦ, ਤਲਵੰਡੀ ਸਲੇਮ, ਚੂਹੜ, ਉੱਗੀ, ਰਸੂਲਪੁਰ ਕਲਾਂ, ਤਲਵੰਡੀ ਭਰੋ , ਹੇਰਾਂ, ਟੁੱਟਕਲਾਂ, ਦਰਗਾਬਾਦ, ਬਿੱਲਾ ਨਵਾਬ, ਰਾਂਗੜਾ, ਫਾਜ਼ਲਪੁਰ ਪਿੰਡਾਂ ਤੋਂ ਹੁੰਦਾ ਹੋਇਆ ਵਾਪਸ ਸ਼ਾਮ ਨੂੰ ਪਿੰਡ ਜਹਾਂਗੀਰ ਵਿਖੇ ਸਮਾਪਤ ਹੋਵੇਗਾ।ਇਸ ਮੌਕੇ 'ਤੇ ਜਗਤਾਰ ਸਿੰਘ ਖੋਸੇ, ਪ੍ਰਧਾਨ ਫੌਜੀ, ਮੰਗਾ ਖੋਸੇ, ਰਾਣਾ, ਸੂਰਜ ਸਿੰਘ, ਬਾਬਾ ਲਖਵੀਰ ਸਿੰਘ , ਅਵਤਾਰ ਸਿੰਘ ,ਜਿੰਦਰ ਮਿਸਤਰੀ, ਤੀਰਥ ਸਿੰਘ ਸਮਰਾ, ਜਸਵੀਰ ਸਿੰਘ ਸ਼ਾਹਕੋਟ ਹਾਜ਼ਰ ਸਨ।

ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅੱਠਵੀਂ ਜਮਾਤ ਦਾ ਸਾਲਾਨਾ ਨਤੀਜਾ ਐਲਾਨਿਆ, ਜਿਸ ਵਿੱਚ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ

ਰਾਹੋਂ ਰੋਡ ਨਵਾਂਸ਼ਹਿਰ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ ਜਿਸ ਵਿੱਚ ਖੁਸ਼ੀ ਨੇ 97.3% (584/600) ਪਹਿਲਾਂ ਸਥਾਨ ਪ੍ਰਾਪਤ ਕੀਤਾ ਅਤੇ ਤਨਵੀਰ ਕੌਰ ਨੇ 96, 5% (578/600) ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ 95, 5% (573/600) ਇਸ਼ਟੀਕਾ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਐਮ ਡੀ ਕੈਡੀ ਸੁਖਰਾਜ ਸਿੰਘ ਵੱਲੋਂ ਇਸ ਸ਼ਾਨਦਾਰ ਪ੍ਰਾਪਤੀ ਲਈ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਤੇਜਿੰਦਰ ਕੌਰ ਸਮੂਹ ਸਟਾਫ ਬੱਚਿਆਂ ਨੂੰ ਸ਼ੁੱਭਕਾਮਨਾਵਾ ਦਿੱਤੀਆ। ਸਟਾਫ ਮੈਂਬਰਾਂ ਸੁਰਿੰਦਰ ਕੌਰ, ਪਲਵੀ, ਹਰਜਿੰਦਰ ਕੌਰ ਪੂਨਮ ਕਪੂਰ, ਗੀਤੂ, ਕਪੂਰ ਗੀਤੂ ਬਾਲਾ ਗੀਤਾ ਦੇਵੀ ਸਰਬਜੀਤ ਕੌਰ, ਹਰਪ੍ਰੀਤ ਨੇ ਵੀ ਵਿਦਿਆਰਥੀਆ ਨੂੰ ਮੁਬਾਰਕਬਾਦ ਦਿੱਤੀ।

ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਦੇ ਚਾਰ ਵਿਦਿਆਰਥੀ ਮੈਰਿਟ ਲਿਸਟ 'ਚ

ਗੁਰਾਇਆ (ਬਿੰਦਰ ਸੁੰਮਨ)- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ 'ਚ ਗੁਰਾਇਆ ਇਲਾਕੇ ਦੇ ਸ਼੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੀਆਂ ਚਾਰ ਵਿਦਿਆਰਥਣਾਂ ਨੇ ਮੈਰਿਟਾਂ ਹਾਸਲ ਕਰਕੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ। ਵਿਦਿਆਰਥਣ ਅਮ੍ਰਿੰਤਪ੍ਰੀਤ ਕੌਰ ਵਾਸੀ ਤੇਹਿੰਗ ਨੇ ਪੰਜਾਬ 593 ਅੰਕ ਹਾਸਲ ਕਰਕੇ ਪੰਜਾਬ 'ਚੋਂ 8ਵਾਂ ਅਤੇ ਜ਼ਿਲ੍ਹੇ ਜਲੰਧਰ 'ਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਸਕੂਲ ਦੀਆਂ ਵਿਦਿਆਰਥਣਾਂ ਸਿਮਰਵੀਰ ਕੌਰ ਪੁੱਤਰੀ ਦਲਜੀਤ ਸਿੰਘ ਵਾਸੀ ਮਨਸੂਰਪੁਰ, ਤਰਨਪ੍ਰੀਤ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਸ਼ਾਹਪੁਰ ਨੇ 589 ਅੰਕ ਹਾਸਲ ਕਰਕੇ ਪੰਜਾਬ 'ਚੋਂ 12ਵਾਂ ਸਥਾਨ ਅਤੇ ਜ਼ਿਲ੍ਹਾ ਜਲੰਧਰ 'ਚੋਂ ਪੰਜਵਾਂ ਸਥਾਨ ਹਾਸਲ ਕੀਤਾ ਹੈ। ਵਿਦਿਆਰਥਣ ਜੈਸਮੀਨ ਪੁੱਤਰੀ ਬਲਵੀਰ ਰਾਮ ਵਾਸੀ ਦੁਸਾਂਝ ਖੁਰਦ ਨੇ 588 ਅੰਕ ਹਾਸਲ ਕਰਕੇ ਪੰਜਾਬ ਭਰ 'ਚ 13ਵਾਂ ਰੈਂਕ ਹਾਸਲ ਕਰਕੇ ਮੈਰਿਟ ਸੂਚੀ 'ਚ ਜਗ੍ਹਾ ਬਣਾਈ। ਪ੍ਰਿੰਸੀਪਲ ਬਲਜਿੰਦਰ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਲਵਲੀ ਕਟਾਰੀਆ ਪੁੱਤਰੀ ਸਾਬਕਾ ਸਰਪੰਚ ਕਾਂਤੀ ਮੋਹਣ ਨੇ 580 (97 ਫੀਸਦੀ) ਅੰਕ ਹਾਸਲ ਕਰਕੇ ਚੌਥਾ ਸਥਾਨ ਹਾਸਲ ਕੀਤਾ। ਵਿਦਿਆਰਥਣ ਪ੍ਰਤਿਗਿਆ ਸੰਧੂ ਨੇ 96 ਫੀਸਦੀ ਅੰਕ ਹਾਸਲ ਕੀਤੇ ਜਦਕਿ ਵਿਦਿਆਰਥੀ ਰਾਹੁਲ ਗਿੰਡੇ ਨੇ 571 ਅੰਕ, ਨਵਪ੍ਰੀਤ ਕੌਰ ਨੇ 571 ਅੰਕ ਅਤੇ ਸਿਮਰਜੀਤ ਕੌਰ ਨੇ 570 ਅੰਕ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਐਮ. ਡੀ. ਸੁਖਦੀਪ ਸਿੰਘ ਨੇ ਇਸ ਨਤੀਜੇ ਦਾ ਸਿਹਰਾ ਵਿਦਿਆਰਥੀਆਂ ਦੀ ਲਗਨ, ਮਾਪਿਆਂ ਦੇ ਸਹਿਯੋਗ ਅਤੇ ਮਿਹਨਤੀ ਸਟਾਫ਼ ਨੂੰ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੁੱਲ 57 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਸ 'ਚੋਂ ਸਾਰੇ ਵਿਦਿਆਰਥੀਆਂ ਪਾਸ ਹੋਏ ਅਤੇ 40 ਵਿਦਿਆਰਥੀਆਂ ਨੇ 60 ਫੀਸਦੀ ਤੋਂ ਉੱਪਰ ਅੰਕ ਹਾਸਲ ਕੀਤੇ।ਇਸ ਮੌਕੇ ਸਨਦੀਪ ਕੌਰ, ਰਵਿੰਦਰਜੀਤ ਕੌਰ, ਬਲਜਿੰਦਰ ਕੁਮਾਰ, ਮਨਜੀਤ ਕੌਰ , ਮਨਪ੍ਰੀਤ ਕੌਰ, ਮੈਡਮ ਸੰਗੀਤਾ ਅਤੇ ਹੋਰ ਹਾਜ਼ਰ ਸਨ।

ਲੋਕਾਂ ਦੇ ਆਭਾ ਅਕਾਊਂਟ ਬਣਾਉਣ ਦੇ ਨਿਰਧਾਰਿਤ ਟੀਚੇ ਨੂੰ ਪ੍ਰਾਪਤ ਕੀਤਾ ਜਾਵੇ : ਡਾ. ਗੀਤਾਂਜਲੀ ਸਿੰਘ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ।ਇਸੇ ਕੜੀ ਤਹਿਤ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਆਯੁਸ਼ਮਾਨ ਆਰੋਗਿਆ ਕੇਂਦਰ, ਭਾਰਟਾ ਖੁਰਦ ਦਾ ਦੌਰਾ ਕੀਤਾ ਅਤੇ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਤੇ ਸਾਫ-ਸਫਾਈ ਪ੍ਰਬੰਧਾਂ ਦਾ ਨਿਰੀਖਣ ਕੀਤਾ।ਉਨ੍ਹਾਂ ਦਵਾਈਆਂ ਦੀ ਉਪਲੱਬਧਤਾ, ਲੋਕਾਂ ਦੇ ਆਭਾ ਅਕਾਊਂਟ ਬਣਾਉਣ ਦੇ ਨਿਰਧਾਰਿਤ ਟੀਚੇ ਨੂੰ ਪ੍ਰਾਪਤ ਕਰਨ ਤੇ ਵੈਕਸੀਨ ਦੇ ਰੱਖ-ਰਖਾਵ ਦਾ ਜਾਇਜ਼ਾ ਵੀ ਲਿਆ।

ਬਲਾਕ ਮਸੀਤਾਂ ਦੇ 11 ਵਿਦਿਆਰਥੀ ਨਵੋਦਿਆ ਵਿਦਿਆਲਿਆ ਪ੍ਰੀਖਿਆ 'ਚ ਪਾਸ

ਸੁਲਤਾਨਪੁਰ ਲੋਧੀ, (ਹਨੀ) ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਦੀ ਯੋਗ ਅਗਵਾਈ ਹੇਠ ਸਿੱਖਿਆ ਬਲਾਕ ਮਸੀਤਾਂ ਸੁਲਤਾਨਪੁਰ ਲੋਧੀ -2 ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਵਿੱਚੋਂ ਕੁੱਲ 11 ਵਿਦਿਆਰਥੀਆਂ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਪਾਸ ਕਰਕੇ ਜ਼ਿਲ੍ਹੇ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਗਿਆ ਹੈ। ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਨੇ ਦੱਸਿਆ ਕਿ ਬਲਾਕ ਵਿੱਚ ਵੱਖ-ਵੱਖ ਸਕੂਲਾਂ ਜਿਨ੍ਹਾਂ ਵਿੱਚੋਂ

6 Apr Page-10.qxd 4/5/2025 11:02 PM Page 1

ਸ਼ਾਹਕੋਟ-ਮਲਸੀਆਂ ਵਿਸ਼ੇਸ਼ ਸਪਲੀਮੈਂਟ

ਸੰਦੇਸ਼

ਨਵਾਂ ਜਮਾਨਾ ਵੱਲੋਂ ਸ਼ਾਹਕੋਟ ਵਿਸ਼ੇਸ਼ ਅੰਕ ਕੱਢਣ ਲਈ ਅਦਾਰੇ ਦੇ ਉਪਰਾਲੇ ਦਾ ਧੰਨਵਾਦ ਕਰਦੇ ਹਾਂ। ਅਸੀਂ ਕਾਮਨਾ ਕਰਦੇ ਹਾਂ ਕਿ ਸ਼ਾਹਕੋਟ ਦੇ ਲੋਕਾਂ ਦੀ ਭਾਈਚਾਰਕ ਸਾਂਝ ਕਾਇਮ ਹੀ ਨਹੀਂ ਸਗੋਂ ਹੋਰ ਮਜ਼ਬੂਤ ਹੋਵੇ। ਇੱਥੋਂ ਦੀ ਸਿਆਸੀ ਜਮੀਨ ਕੁੜੱਤਣਾਂ ਅਤੇ ਜ਼ਹਿਰਾਂ ਤੋਂ ਰਹਿਤ ਰਹੇ।

ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ
ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਹਲਕਾ ਵਿਧਾਇਕ ਸ਼ਾਹਕੋਟ
ਡਾ. ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਕਾਂਗਰਸ (ਨਕੋਦਰ)
ਪਰਮਿੰਦਰ ਸਿੰਘ ਪਿੰਦਰ ਪੰਡੋਰੀ ਹਲਕਾ ਇੰਚਾਰਜ ਆਪ ਸ਼ਾਹਕੋਟ
ਰਾਣਾ ਹਰਦੀਪ ਸਿੰਘ ਸੀਨੀਅਰ ਆਗੂ ਭਾਜਪਾ
ਐਡਵੋਕੇਟ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਅਕਾਲੀ ਦਲ (ਬਾਦਲ)
ਹਰਬੰਸ ਸਿੰਘ ਚੰਦੀ ਉੱਘੇ ਸਮਾਜ ਸੇਵਕ
ਗੁਲਜਾਰ ਸਿੰਘ ਬਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ
ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ
ਦੇਵੀ ਕੁਮਾਰੀ ਸਰਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜਦੂਰ ਸਭਾ
ਅਜਮੇਰ ਸਿੰਘ ਖਾਲਸਾ ਸੀਨੀਅਰ ਕਾਂਗਰਸ ਆਗੂ
ਦੀਪਕ ਸ਼ਰਮਾ ਹਲਕਾ ਕੋਆਰਡੀਨੇਟਰ ਭਾਜਪਾ

ਸ਼ਾਹਕੋਟ ਦੇ ਸਿਆਸੀ ਅੰਬਰ ਵਿੱਚ ਕੌਣ ਕਿੱਥੇ?

ਵਿਧਾਨ ਸਭਾ ਹਲਕਾ ਸ਼ਾਹਕੋਟ ਪਿੰਡ ਦਾਰੇਵਾਲ (ਗਿੱਦੜਪਿੰਡੀ) ਤੋਂ ਲੈ ਕੇ ਕਾਇਮਵਾਲਾ (ਮਹਿਤਪੁਰ) ਤੱਕ ਫੈਲਿਆ ਹੋਇਆ ਹੈ। 234 ਪਿੰਡਾਂ ਤੇ 250 ਚੋਣ ਬੂਥਾਂ ਵਾਲਾ ਇਹ ਹਲਕਾ ਸੂਬੇ ਦੀ ਸਿਆਸਤ ਵਿੱਚ ਹਮੇਸ਼ਾ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਵੱਖ-ਵੱਖ ਸਰਕਾਰਾਂ ਵਿੱਚ ਇਸੇ ਖੇਤਰ ਨਾਲ ਸਬੰਧਤ ਆਗੂਆਂ ਵਿੱਚੋਂ ਸਪੀਕਰ, ਗ੍ਰਹਿ ਰਾਜ ਮੰਤਰੀ, ਖਜ਼ਾਨਾ ਮੰਤਰੀ, ਖੇਤੀਬਾੜੀ ਮੰਤਰੀ ਬਣਦੇ ਰਹੇ ਹਨ। ਬਹੁਤ ਸਾਲਾਂ ਤੱਕ ਇਸ ਨੂੰ ਅਕਾਲੀ ਜਾਂ 'ਪੰਥਕ' ਹਲਕਾ ਆਖਿਆ ਜਾਂਦਾ ਰਿਹਾ। 2018 ਦੀ ਜ਼ਿਮਨੀ ਚੋਣ ਵਿੱਚ ਵੱਡੀ ਜਿੱਤ ਹਾਸਲ ਕਰਕੇ ਕਾਂਗਰਸੀ ਆਗੂ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਕਤ ਮਿੱਥ ਤੋੜ ਦਿੱਤੀ। ਇਸ ਛੋਟੀ ਜਿਹੀ ਲਿਖਤ ਵਿੱਚ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਨ੍ਹੀਂ ਦਿਨੀ ਹਲਕੇ ਵਿੱਚ ਕਿਹੜੀ ਸਿਆਸੀ ਪਾਰਟੀ ਸਿਆਸੀ ਅੰਬਰ ਉੱਤੇ ਕਿੱਥੇ ਕੁ ਹੈ। ਇਸ ਦਾ ਅੰਦਾਜ਼ਾ ਲਾਉਣ ਲਈ 21 ਦਸੰਬਰ 2024 ਵਿੱਚ ਨਗਰ ਪੰਚਾਇਤ ਸ਼ਾਹਕੋਟ ਦੀ ਹੋਈ ਚੋਣ ਅਤੇ ਅਨੇਕਾਂ ਅੜਿੱਕਿਆਂ ਦੇ ਬਾਵਜੂਦ 6 ਫਰਵਰੀ 2025 ਨੂੰ ਕਾਂਗਰਸ ਪਾਰਟੀ ਦੇ ਗੁਲਜ਼ਾਰ ਸਿੰਘ ਬਿੰਦ ਦਾ ਪ੍ਰਧਾਨ ਅਤੇ ਕੁਲਜੀਤ ਰਾਣੀ ਦਾ ਉੱਪ ਪ੍ਰਧਾਨ ਬਣਨਾ ਵੀ ਸਹਾਈ ਹੋ ਰਿਹਾ ਹੈ। ਇਸ ਚੋਣ ਵਿੱਚ 13 ਮੈਂਬਰੀ ਨਗਰ ਪੰਚਾਇਤ ਵਿੱਚ ਕਾਂਗਰਸ ਪਾਰਟੀ ਦੇ 9 ਮੈਂਬਰ ਚੁਣੇ ਜਾਣ ਨਾਲ ਹਲਕੇ ਵਿੱਚ ਪਾਰਟੀ ਦਾ ਮਨੋਬਲ ਮਜ਼ਬੂਤ ਹੋਇਆ ਹੈ। ਸ਼ਾਹਕੋਟ ਤੋਂ ਵਿਧਾਨ ਸਭਾ ਵਿੱਚ ਨੁਮਾਇੰਦਗੀ ਕਰ ਰਹੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਲੋਕਾਂ ਵਿੱਚ ਵਿਚਰਨ-ਵਰਤਾਰਾ ਪਹਿਲਾਂ ਨਾਲੋਂ ਵੀ ਸੰਜੀਦਾ ਨਜ਼ਰ ਆਉਂਦਾ ਹੈ। ਹੋਰ ਵੀ ਕਾਫੀ ਕੁਝ ਗਿਣਾਇਆ ਜਾ ਸਕਦਾ ਹੈ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ਼ਾਹਕੋਟ ਦੇ ਸਿਆਸੀ ਅਕਾਸ਼ ਵਿੱਚ ਕਾਂਗਰਸੀ ਤਾਰੇ ਦੀ ਵਧੇਰੇ ਚਮਕ ਹੈ।

ਆਮ ਆਦਮੀ ਪਾਰਟੀ ਆਪਣੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਦੀ ਅਗਵਾਈ ਵਿੱਚ 2022 'ਚ ਬਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਕੋਸ਼ਿਸ਼ਾਂ ਕਰ ਰਹੀ ਹੈ। ਇਹ ਕੋਸ਼ਿਸ਼ ਸਵਰਗੀ ਰਤਨ ਸਿੰਘ ਕਾਕੜ ਕਲਾਂ ਦੇ ਹਲਕਾ ਇੰਚਾਰਜ ਹੁੰਦਿਆਂ ਵੀ ਹੁੰਦੀ ਰਹੀ ਹੈ। ਦਿੱਲੀ ਵਿੱਚ ਕਰਾਰੀ ਹਾਰ ਅਤੇ ਪੰਜਾਬ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਪੂਰੀ ਤਰਾਂ ਖਰਾ ਨਾ ਉਤਰਨ ਦੇ ਕਾਰਨ ਬਣੇ ਪ੍ਰਭਾਵ ਨੇ ਹਰ ਹਲਕੇ ਵਿੱਚ 'ਆਪ' ਦੀ ਸਿਆਸਤ ਨੂੰ ਪ੍ਰਭਾਵਤ ਕੀਤਾ ਹੈ। ਇਸ ਪ੍ਰਭਾਵ ਤੋਂ ਹਲਕਾ ਸ਼ਾਹਕੋਟ ਵੀ ਅਭਿੱਜ ਨਹੀਂ ਰਿਹਾ।

ਭਾਰਤੀ ਜਨਤਾ ਪਾਰਟੀ ਦੇ 4-5 ਆਗੂ ਹਲਕਾ ਸ਼ਾਹਕੋਟ ਵਿੱਚ ਵਿਚਰ ਰਹੇ ਹਨ। ਅਜੇ ਤੱਕ ਇਹ ਗੱਲ ਸਪਸ਼ਟ ਰੂਪ ਵਿੱਚ ਸਾਹਮਣੇ ਨਹੀਂ ਆਈ ਕਿ ਪੰਜਾਬ ਭਾਜਪਾ ਵੱਲੋਂ ਹਲਕੇ ਦੀ ਅਗਵਾਈ ਕਰਨ ਲਈ ਕਿਹੜਾ ਆਗੂ ਨਿਰਧਾਰਤ ਕੀਤਾ ਗਿਆ ਹੈ। ਹਲਕੇ ਦੇ ਇਨ੍ਹਾਂ 4-5 ਆਗੂਆਂ ਦਾ ਆਪਸੀ ਤਾਲਮੇਲ ਵੀ ਘੱਟ ਹੀ ਨਜ਼ਰੀ ਪੈਂਦਾ ਹੈ। ਇਹ ਸਥਿਤੀ ਕਿਸੇ ਵੇਲੇ ਕਾਂਗਰਸ ਪਾਰਟੀ ਵਿੱਚ ਹੁੰਦੀ ਸੀ। ਰੱਬ ਖੈਰ ਕਰੇ!

ਸਿੱਖ ਭਾਈਚਾਰੇ ਵਿੱਚ ਤਕੜਾ ਪ੍ਰਭਾਵ ਰੱਖਦਾ ਰਿਹਾ ਅਕਾਲੀ ਦਲ (ਬਾਦਲ) ਕਿਸੇ ਵੇਲੇ ਸ਼ਾਹਕੋਟ ਦੇ ਸਿਆਸੀ ਅੰਬਰ ਵਿੱਚ ਧਰੂ ਤਾਰਾ ਹੁੰਦਾ ਸੀ। ਪੂਰੇ ਪੰਜਾਬ ਵਿੱਚ ਅਕਾਲੀ ਦਲ (ਬਾਦਲ) ਅੰਦਰ ਪਿਆ ਧਾਰਮਿਕ ਤੇ ਸਿਆਸੀ ਖਿਲਾਰਾ ਹਰੇਕ ਖੁੰਢ ਚਰਚਾ ਦਾ ਹਿੱਸਾ ਹੈ।ਸਿਆਸਤ ਦੇ ਇਸ ਦੌਰ ਵਿੱਚ ਸ਼ਾਹਕੋਟ ਤੋਂ ਅਕਾਲੀ ਦਲ (ਬਾਦਲ) ਦੀ ਅਗਵਾਈ ਕਰ ਰਹੇ ਨੌਜਵਾਨ ਆਗੂ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਆਪਣੀ ਪਕੜ ਕਾਇਮ ਰੱਖ ਸਕਣਗੇ? ਇਹ ਸਵਾਲ ਸਿਆਸੀ ਮੱਸ ਰੱਖਣ ਵਾਲੇ ਹਰੇਕ ਵਿਅਕਤੀ ਦੇ ਜ਼ਿਹਨ ਦਾ ਹਿੱਸਾ ਹੈ। ਜਿੱਥੋਂ ਤੱਕ ਹਲਕੇ ਅੰਦਰ ਵਿਚਰਦੀਆਂ ਖੱਬੀਆਂ ਧਿਰਾਂ ਦਾ ਸਵਾਲ ਹੈ, ਸਿਆਸੀ ਅਧਾਰ ਪਹਿਲਾਂ ਨਾਲੋਂ ਖੁਰਨ ਦੇ ਬਾਵਜੂਦ ਉਨ੍ਹਾਂ ਦਾ ਲੋਕ ਹਿੱਤਾਂ ਲਈ ਮੈਦਾਨ ਮੱਲ ਲੈਣ ਦਾ ਅਕਸ ਬਰਕਰਾਰ ਹੈ। ਅਕਾਲੀ ਦਲ (ਅੰਮ੍ਰਿਤਸਰ) ਦੀ ਹਲਕਾ ਸ਼ਾਹਕੋਟ ਵਿੱਚ ਸਿਆਸੀ ਹੋਂਦ ਇਸ ਪਾਰਟੀ ਦੀ ਸਥਾਪਨਾਂ ਤੋਂ ਲੈ ਕੇ ਹੁਣ ਤੱਕ ਕਾਇਮ ਹੈ। ਇਹ ਸ਼ਾਇਦ ਇਸ ਦੇ ਆਗੂ ਜਥੇਦਾਰ ਸੁਲੱਖਣ ਸਿੰਘ ਨਿਮਾਜੀਪੁਰ ਦੇ ਵਿਅਕਤੀਤਵ ਕਾਰਨ ਹੈ। ਬਸਪਾ ਆਪਣਾ ਅਤੀਤ ਯਾਦ ਕਰਕੇ ਸਿਆਸੀ ਅੰਬਰ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਤੱਕ ਰਹੀ ਹੈ, ਆਪਣੇ ਜੋਗੀ ਥਾਂ ਮੱਲਣ ਵਾਸਤੇ।

ਗਿਆਨ ਸਿੰਘ ਸੈਦਪੁਰੀ
ਸਟਾਫ ਰਿਪੋਰਟਰ
ਨਵਾਂ ਜਮਾਨਾ
ਮੋ. 98725-40447

ਸੰਦੇਸ਼

ਨਵਾਂ ਜਮਾਨਾ ਵੱਲੋਂ ਸ਼ਾਹਕੋਟ ਵਿਸ਼ੇਸ਼ ਅੰਕ ਕੱਢਣ ਲਈ ਅਦਾਰੇ ਦੇ ਉਪਰਾਲੇ ਦਾ ਧੰਨਵਾਦ ਕਰਦੇ ਹਾਂ। ਅਸੀਂ ਕਾਮਨਾ ਕਰਦੇ ਹਾਂ ਕਿ ਸ਼ਾਹਕੋਟ ਦੇ ਲੋਕਾਂ ਦੀ ਭਾਈਚਾਰਕ ਸਾਂਝ ਕਾਇਮ ਹੀ ਨਹੀਂ ਸਗੋਂ ਹੋਰ ਮਜ਼ਬੂਤ ਹੋਵੇ। ਇੱਥੋਂ ਦੀ ਸਿਆਸੀ ਜਮੀਨ ਕੁੜੱਤਣਾਂ ਅਤੇ ਜ਼ਹਿਰਾਂ ਤੋਂ ਰਹਿਤ ਰਹੇ।

ਬਖਤਾਵਰ ਸਿੰਘ ਬੇਰਗਿੱਲ IAS (ਸੇਵਾ ਮੁਕਤ)
ਸੁਭੀ ਆਂਗਰਾ ਐਸ.ਡੀ.ਐਮ. ਸ਼ਾਹਕੋਟ
ਓਂਕਾਰ ਸਿੰਘ ਬਰਾੜ ਡੀ.ਐਸ.ਪੀ. ਸ਼ਾਹਕੋਟ
ਡਾ. ਸੁਖਬੀਰ ਸਿੰਘ ਸਹਾਇਕ ਨਿਰਦੇਸ਼ਕ ਬਾਗਵਾਨੀ
ਸ਼ਿਵ ਸ਼ੰਭੂ ਗੁਪਤਾ ਸਮਾਜ ਸੇਵਕ
ਬੂਟਾ ਸਿੰਘ ਕਲਸੀ ਪ੍ਰਧਾਨ ਸਪੋਰਟਸ ਕਲੱਬ ਸ਼ਾਹਕੋਟ
ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ
ਸਤੀਸ਼ ਰਿਹਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ
ਦਵਿੰਦਰ ਸਿੰਘ ਆਹਲੂਵਾਲੀਆਂ ਚੇਅਰਮੈਨ 'ਸੰਵਾ'
ਸੰਦੀਪ ਸਿੰਘ ਖੰਹਿਰਾ ਸੀਨੀਅਰ ਕਾਂਗਰਸ ਆਗੂ
ਸੁਖਦੀਪ ਸਿੰਘ ਸੋਨੂੰ ਕੰਗ ਪੀ.ਏ. ਲਾਡੀ ਸ਼ੇਰੋਵਾਲੀਆ
ਡਾ. ਨਗਿੰਦਰ ਸਿੰਘ ਬਾਂਸਲ ਪ੍ਰੋਗਰਾਮ ਅੰਕਰ, ਦੂਰਦਰਸ਼ਨ

ਨਵਾਂ ਜਮਾਨਾ ਵੱਲੋਂ ਸ਼ਾਹਕੋਟ ਵਿਸ਼ੇਸ਼ ਅੰਕ ਕੱਢਣ ਲਈ ਅਦਾਰੇ ਦੇ ਉਪਰਾਲੇ ਦਾ ਧੰਨਵਾਦ ਕਰਦੇ ਹਾਂ। ਅਸੀਂ ਕਾਮਨਾ ਕਰਦੇ ਹਾਂ ਕਿ ਸ਼ਾਹਕੋਟ ਦੇ ਲੋਕਾਂ ਦੀ ਭਾਈਚਾਰਕ ਸਾਂਝ ਕਾਇਮ ਹੀ ਨਹੀਂ ਸਗੋਂ ਹੋਰ ਮਜ਼ਬੂਤ ਹੋਵੇ। ਇੱਥੋਂ ਦੀ ਸਿਆਸੀ ਜਮੀਨ ਕੁੜੱਤਣਾਂ ਅਤੇ ਜ਼ਹਿਰਾਂ ਤੋਂ ਰਹਿਤ ਰਹੇ।

ਗੁਲਜਾਰ ਸਿੰਘ ਬਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ
ਅਸ਼ਵਿੰਦਰਪਾਲ ਸਿੰਘ ਖੰਹਿਰਾ
ਸੰਦੀਪ ਸਿੰਘ ਖੰਹਿਰਾ
ਸੁਖਦੀਪ ਸਿੰਘ ਸੋਨੂੰ ਕੰਗ ਪੀ.ਏ.
ਪਰਮਜੀਤ ਕੌਰ ਬਸਾਸ, ਸਾਬਕਾ ਮੀਤ ਪ੍ਰਧਾਨ ਨਗਰ ਪੰਚਾਇਤ
ਕੁਲਜੀਤ ਰਾਣੀ ਮੀਤ ਪ੍ਰਧਾਨ ਨਗਰ ਪੰਚਾਇਤ
ਸਵੀਨਾ ਕੁਮਰਾ ਮੈਂਬਰ ਨਗਰ ਪੰਚਾਇਤ
ਕਰੁਨਾ ਸਿੰਦਲ ਮੈਂਬਰ ਨਗਰ ਪੰਚਾਇਤ
ਵੰਦਨਾ ਮਿੱਤਲ ਮੈਂਬਰ ਨਗਰ ਪੰਚਾਇਤ
ਰੁਚੀ ਅੱਗਰਵਾਲ ਮੈਂਬਰ ਨਗਰ ਪੰਚਾਇਤ
ਸਮਵਿੰਦਰ ਗਿੱਲ (ਡੰਮਰ) ਮੈਂਬਰ ਨਗਰ ਪੰਚਾਇਤ

ਸਹਿਯੋਗੀ ਸੱਜਣ

ਬਲਵੀਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ
ਪ੍ਰਵੀਨ ਗਰੇਵਰ ਮੈਂਬ ਨਗਰ ਪੰਚਾਇਤ
ਰਾਮ ਮੂਰਤੀ ਟਰੱਸਟੀ ਏ.ਪੀ.ਐਸ. ਕਾਲਜ
ਸੋਨੂੰ ਮਿੱਤਲ ਪ੍ਰੈੱਸ ਰਿਪੋਰਟਰ
ਮਾਸਟਰ ਮਨਿੰਦਰ ਸਿੰਘ ਧਰਮਕੋਟ
ਸੁਖਵਿੰਦਰ ਸਿੰਘ ਮਕੈਲ ਕਾਂਗਰਸ
ਬੰਟੀ ਬਰਲਾ ਵਾਈਸ ਪ੍ਰਧਾਨ ਕਾਂਗਰਸ ਜਿਲਾ ਜਲੰਧਰ
ਅਨਿਲ ਕੁਮਾਰ ਅੱਗਰਵਾਲ ਮਲਸੀਆਂ
ਰਮੇਸ਼ ਅੱਗਰਵਾਲ ਸ਼ਾਹਕੋਟ
ਬਲਜਿੰਦਰ ਸਿੰਘ ਖਿੰਡਾ ਆਪ ਆਗੂ
ਚਰਨਜੀਤ ਸਿੰਘ ਗੱਗੜੀ
ਟਿੰਪੀ ਕੁਮਰਾ ਯੂਥ ਕਾਂਗਰਸ ਆਗੂ
ਮਨਪ੍ਰੀਤ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ
ਜਸਵਿੰਦਰ ਸਿੰਘ ਬਲਾਕ ਸੰਮਤੀ ਮੈਂਬਰ
ਭੁਸ਼ਣ ਸਿੱਧੂ ਨਕੋਦਰ
ਵਿਜੂ ਕੁਮਾਰ ਸਿੱਧੂ ਯੂ.ਕੇ.
ਮਾ. ਵਿਜੇ ਕੁਮਾਰ ਵਿੱਜ
ਸਗਤਾਰ ਸਿੰਘ ਖਾਲਸਾ ਪ੍ਰਧਾਨ ਸਹਿਕਾਰੀ ਸਭਾ ਢੰਡੋਵਾਲ
ਸੁਖਦੇਵ ਸਿੰਘ ਮਕੈਲ ਕਾਂਗਰਸ
ਕਾਮਰੇਡ ਦਰਸ਼ਨ ਸਿੰਘ ਭੰਟੇਪੁਰੀ
ਸ਼ਿਵ ਨਰਾਇਣ ਗੁਪਤਾ

ਬੰਦਾ ਬੰਦੇ ਲਈ ਬਲਾ ਹੋਇਆ

ਵਿਹੜੇ ਵਾਲਿਆਂ ਨੂੰ ਚਾਅ ਚੜ੍ਹਿਆ,
ਜਗਰਾਤੇ ਲਈ ਕਮੇਟੀ ਬਣ ਗਈ,
ਅਸੀਂ ਸੇਵਾ ਵਾਲਾ ਰਾਹ ਫੜਿਆ।

ਅਸੀਂ ਮੇਲਾ ਈ ਲੁੱਟ ਗਏ ਆਂ,
ਨਾਨਕ ਨੂੰ ਸਮਝੇ ਨਹੀਂ,
'ਖੰਡ ਪਾਠਾਂ ਨੂੰ ਜੁੱਟ ਗਏ ਆਂ।

ਪੰਜਾਬ ਵੰਡ ਕੇ ਤਬਾਅ ਕੀਤਾ,
ਚੜ੍ਹਦੇ ਨੇ ਲਾਵਾਂ ਲੈ ਲਈਆਂ,
ਫਿਰ ਲਹਿੰਦੇ ਨਿਕਾਹ ਕੀਤਾ।

ਬੰਦਾ ਬੰਦੇ ਲਈ ਬਲਾ ਹੋਇਆ,
ਧਰਮ ਸਿਆਸਤ ਦਾ,
ਪੂੰਜੀਵਾਦ ਨਾ' ਵਿਆਹ ਹੋਇਆ।

ਦੇਸ ਰਾਜ ਜਾਫਰਵਾਲ

ਦੋਸਤੀ ਜਿੰਦਾਬਾਦ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।

ਗੁਰਨਾਮ ਸਿੰਘ ਚੱਠਾ
ਬਲਵੰਤ ਸਿੰਘ ਮਲਸੀਆਂ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।

ਜਸਵੀਰ ਸਿੰਘ
ਖੇਤੀਬਾੜੀ ਵਿਕਾਸ ਅਫਸਰ ਸ਼ਾਹਕੋਟ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।

ਅਸ਼ਵਨੀ ਮਿੱਤਲ
ਜਨਰਲ ਸਕੱਤਰ
ਭਾਰਤੀ ਜਨਤਾ ਪਾਰਟੀ
ਜਿਲਾ ਜਲੰਧਰ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।

ਕਪਿਲ ਕੁਮਾਰ ਗੁਪਤਾ
ਸਾਬਕਾ ਵਾਈਸ ਚੇਅਰਮੈਨ
ਮਾਰਕਿਟ ਕਮੇਟੀ ਸ਼ਾਹਕੋਟ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।

ਬਲਰਾਜ ਸਿੰਘ
ਖੈਹਿਰਾ
(ਸ਼ੇਰੋਵਾਲੀਆ)

ਧੰਨਵਾਦ

ਸ਼ਾਹਕੋਟ ਵਿਸ਼ੇਸ਼ ਅੰਕ ਕੱਢਣ ਵਿੱਚ ਸਹਾਈ ਹੋਣ ਵਾਲੇ ਦੋਸਤਾਂ ਦਾ ਮਸ਼ਕੂਰ ਹਾਂ। ਨਾਰਾਜ਼ਗੀ ਉਨ੍ਹਾਂ ਨਾਲ ਵੀ ਨਹੀਂ, ਜਿਹੜੇ ਸਹਿਯੋਗ ਦੇ ਅਮਲ ਵਿੱਚ ਸ਼ਾਮਲ ਨਾ ਹੋਏ। ਆਸ ਹੈ, ਉਹ ਅਗਲੇ ਅੰਕ ਵਿੱਚ ਸਹਿਯੋਗੀ ਹੋਣਗੇ।

ਗਿਆਨ ਸਿੰਘ ਸੈਦਪੁਰੀ
ਸਟਾਫ ਰਿਪੋਰਟਰ

Khehra Farm & Resorts
ਹੁਣ ਨਵੀਂ ਤੇ ਸ਼ਾਨਦਾਰ ਲੁੱਕ 'ਚ ਤਿਆਰ
Nakodar Road Malsian
Sandeep Singh Khehra
92164-14162

ਬਾਂਸਲ ਹੋਮਿਓ ਹਸਪਤਾਲ
ਸਰਕਾਰੀ ਹਸਪਤਾਲ ਰੋਡ, ਸ਼ਾਹਕੋਟ (ਜਲੰਧਰ)
ਹਰ ਤਰ੍ਹਾਂ ਦੀ ਨਵੀਂ ਅਤੇ ਪੁਰਾਣੀ ਬਿਮਾਰੀ ਦੇ ਹੋਮਿਓਪੈਥਕ ਇਲਾਜ਼ ਲਈ ਮਿਲੋ
ਡਾ. ਨਗਿੰਦਰ ਸਿੰਘ ਬਾਂਸਲ
ਡੀ.ਐਚ.ਐਮ.ਐਸ, ਡੀ.ਐਨ.ਐਚ.ਈ., ਡੀ.ਏ.ਐਫ.ਈ, ਡੀ.ਸੀ.ਏ.
Mob. 98786-93890
Dr. Naginder Singh Bansal
DHMS, DNHE, DAFE, DCA
E-mail:naginder71@gmail.com

Quality Nursing Education AT
A.P.S. COLLEGE OF NURSING
(Managed by Parul Educational Society)
Shahkot Road, Malsian, Distt. Jalandhar 144701.
Courses Offered :
General Nursing & Midwifery (GNM) 3 Year's Diploma.
B.Sc. Nursing (Post Basic) 2 years Degree
B.Sc. Nursing 4 Year's Degree.
FOR INFORMATION /ADMISSION CONTACT:
A.P.S. COLLEGE OF NURSING
Mob. +91-98724-60298, +91-92161-11699, +91-92169-41699.
apscollegeofnursing@gmail.com
apsschoolofnursing@gmail.com

PHULWARI PUBLIC SENIOR SECONDARY SCHOOL, LOHIAN KHAS
WE ARE HIRING
✓ Pre-Primary Teachers
✓ Primary Teachers
✓ Science Teachers for Teaching (Physics/Math/Chemistry)
✓ Computer Teacher
Fresher can also apply.
Carry your CV and documents along with you. The school office remains open every day.
(except Sunday) from 9am to 2pm
For detailed information, you may contact or send the resume on whatsapp Mobile No 98144-83001.

ਜਿਨ੍ਹਾਂ ਤੇ ਸਾਨੂੰ ਮਾਣ ਹੈ।

ਤਜਿੰਦਰ ਕੁਮਾਰ ਸਕੱਤਰ
ਸ਼ਾਮ ਲਾਲ ਮੰਡੀ ਸੁਪਰਵਾਈਜਰ
ਅਮਨਦੀਪ ਸਿੰਘ ਟਰਨਾ ਮੰਡੀ ਸੁਪਰਵਾਈਜਰ
ਗੁਰਸਰਨਜੀਤ ਸਿੰਘ ਬਦੇਸਾ (ਢੰਡੋਵਾਲ)
ਗਗਨਦੀਪ ਸਿੰਘ ਮੰਟੂ (ਸੈਦਪੁਰ ਖਿੜੀ)

ਡਾ. ਜਗਦੀਸ਼ ਰਾਏ ਗੋਇਲ

ਸ਼ਾਹਕੋਟ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦਾ ਧੰਨਵਾਦ।
ਮਾਲਵਾ ਮੈਡੀਕਲ ਸਟੋਰ
ਮੋਗਾ ਰੋਡ ਸ਼ਾਹਕੋਟ

6-April-Sunday.qxd 4/5/2025 11:28 PM Page 1

ਪ੍ਰੇਮ ਪ੍ਰਕਾਸ਼ ਦੀਆਂ ਗੱਲਾਂ
(ਆਖਰੀ ਸਫੇ 'ਤੇ)

ਨਵਾਂ ਜ਼ਮਾਨਾ
ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 6 ਅਪ੍ਰੈਲ 2025

www.nawanzamana.in

ਕੀਮਤ 5.00 ਰੁਪਏ

ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ।
ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।

-ਡਾ. ਜਗਤਾਰ

ਅਜੋਏ ਘੋਸ਼ : ਜੀਵਨ ਅਤੇ ਕੰਮ

ਅਨਿਲ ਰਾਜੀਮਵਾਲੇ

ਅਨੁ. : ਐੱਮ ਐੱਸ ਭਾਟੀਆ

ਅਜੋਏ ਘੋਸ਼ ਇੱਕ ਉੱਘੇ ਕਮਿਊਨਿਸਟ, ਇੱਕ ਰਾਸ਼ਟਰਵਾਦੀ ਅਤੇ ਸੀ ਪੀ ਆਈ ਦੇ ਨੇਤਾ ਸਨ, ਜਿਨ੍ਹਾਂ ਨੇ ਪਾਰਟੀ ਦੀ ਸਭ ਤੋਂ ਔਖੇ ਦੌਰ ਵਿੱਚੋਂ ਇੱਕ ਸਮੇਂ 'ਤੇ ਅਗਵਾਈ ਕੀਤੀ। ਉਨ੍ਹਾਂ ਦਾ ਜਨਮ 20 ਫਰਵਰੀ 1909 ਨੂੰ ਅਜੋਏ ਨਦੀ ਦੇ ਕੰਢੇ ਸਥਿਤ ਮਿਹਿਜਾਮ (ਬੰਗਾਲ) ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਇੱਕ ਗਿਆਨਵਾਨ ਬ੍ਰਹਮੋ ਸਮਾਜਵਾਦੀ ਮੱਧ ਵਰਗ ਪਰਵਾਰ ਵਿੱਚ ਹੋਇਆ ਸੀ; ਇਸ ਲਈ ਉਨ੍ਹਾਂ ਦਾ ਨਾਂਅ ਅਜੋਏ ਰੱਖਿਆ ਗਿਆ ਸੀ। ਮਿਹਿਜਾਮ ਹੁਣ ਚਿਤਰੰਜਨ ਦੇ ਨਾਂਅ ਨਾਲ ਮਸ਼ਹੂਰ ਹੈ।

ਉਨ੍ਹਾਂ ਦਾ ਪਰਵਾਰ ਕਾਨਪੁਰ ਚਲਾ ਗਿਆ, ਜਿੱਥੇ ਉਨ੍ਹਾਂ ਨੂੰ 1919 ਵਿੱਚ ਸਕੂਲ ਵਿੱਚ ਦਾਖਲ ਕਰਵਾਇਆ ਗਿਆ। ਉੱਥੇ ਉਹ ਆਪਣੇ ਅਧਿਆਪਕ ਸੁਰੇਸ਼ ਭੱਟਾਚਾਰੀਆ ਦੁਆਰਾ ਸਕੂਲ ਵਿੱਚ ਸਥਾਪਤ ਇਨਕਲਾਬੀ ਸੰਗਠਨ 'ਤਰੁਣ ਸੰਘ' ਵਿੱਚ ਸ਼ਾਮਲ ਹੋ ਗਏ। ਤਰੁਣ ਸੰਘ ਵਿੱਚ ਭਵਿੱਖ ਦੇ ਇਨਕਲਾਬੀ ਬਿਜੋਏ ਕੁਮਾਰ ਸਿਨਹਾ ਅਤੇ ਬਟੁਕੇਸ਼ਵਰ ਦੱਤ ਵੀ ਸ਼ਾਮਲ ਸਨ।

ਅਜੋਏ ਨੇ 1924 ਵਿੱਚ ਕਾਨਪੁਰ ਦੇ ਕ੍ਰਾਈਸਟ ਚਰਚ ਕਾਲਜ ਵਿੱਚ ਦਾਖਲਾ ਲਿਆ ਅਤੇ 1926 ਵਿੱਚ ਇਲਾਹਾਬਾਦ ਯੂਨੀਵਰਸਿਟੀ ਵਿੱਚ ਦਾਖਲਾ ਲਿਆ। ਉਹ ਹਿੰਦੂ ਹੋਸਟਲ ਵਿੱਚ ਰਹਿੰਦੇ ਸਨ, ਜਿੱਥੇ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਸ਼ਿਵ ਵਰਮਾ ਅਤੇ ਹੋਰ ਕ੍ਰਾਂਤੀਕਾਰੀ ਉਨ੍ਹਾਂ ਦੇ ਕਮਰੇ ਵਿੱਚ ਮਿਲਦੇ ਸਨ। ਇਹ ਸੱਚਮੁੱਚ ਇੱਕ ਅਦਭੁੱਤ ਤਜਰਬਿਆਂ ਨਾਲ ਭਰਪੂਰ ਜ਼ਿੰਦਗੀ ਸੀ।

ਭਗਤ ਸਿੰਘ ਦੇ ਸਾਥੀ ਵਜੋਂ

ਅਜੋਏ ਪਹਿਲੀ ਵਾਰ 1923 ਵਿੱਚ ਭਗਤ ਸਿੰਘ ਨੂੰ ਮਿਲੇ, ਫਿਰ 1928 ਵਿੱਚ ਅਤੇ ਬੰਬ ਬਣਾਉਣ ਵਾਲੇ ਭੂਮੀਗਤ ਸੰਗਠਨ ਦੇ ਹਿੱਸੇ ਵਜੋਂ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਨਾਲ ਜੁੜ ਗਏ ।

ਅਜੋਏ ਘੋਸ਼ ਨੂੰ ਅਕਤੂਬਰ 1930 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਭਗਤ ਸਿੰਘ ਅਤੇ ਸਾਥੀਆਂ ਦੇ ਨਾਲ ਲਾਹੌਰ ਕਿਲ੍ਹਾ ਜੇਲ੍ਹ ਵਿੱਚ ਬੰਦ ਕੀਤਾ ਗਿਆ। ਉਹ ਉੱਥੇ ਦੋ ਮਹੀਨੇ ਲੰਮੀ ਭੁੱਖ ਹੜਤਾਲ ਵਿੱਚ ਵੀ ਸ਼ਾਮਲ ਹੋਏ।

ਭਗਤ ਸਿੰਘ, ਅਜੋਏ ਘੋਸ਼, ਸ਼ਿਵ ਵਰਮਾ ਅਤੇ ਹੋਰਾਂ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੀ ਰਿਹਾਈ ਤੋਂ ਬਾਅਦ ਉਹ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਜਾਣਗੇ। ਬਦਕਿਸਮਤੀ ਨਾਲ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ ਗਈ ਅਤੇ ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੋ ਸਕੀ। ਅਜੋਏ ਘੋਸ਼ ਨੂੰ ਅਕਤੂਬਰ 1931 ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ।

1932 ਦੇ ਸ਼ੁਰੂ ਵਿੱਚ ਦੁਬਾਰਾ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਨੂੰ ਇੱਕ ਸਾਲ ਲਈ ਕਾਨਪੁਰ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਫਿਰ ਛੇ ਮਹੀਨਿਆਂ ਲਈ ਫੈਜ਼ਾਬਾਦ ਜੇਲ੍ਹ ਵਿੱਚ। ਐੱਸ ਜੀ ਸਰਦੇਸਾਈ ਅਜੋਏ ਨਾਲ ਉਸੇ ਬੈਰਕ ਵਿੱਚ ਸਨ। ਉਨ੍ਹਾਂ ਨੇ ਮਾਰਕਸ ਦੀ ਕੈਪੀਟਲ ਦਾ ਅਧਿਐਨ ਇਕੱਠੇ ਹੀ ਕੀਤਾ। ਅਜੋਏ, 1933 ਵਿੱਚ ਇਕ ਪੱਕੇ ਕਮਿਊਨਿਸਟ ਵਜੋਂ ਜੇਲ੍ਹ ਤੋਂ ਬਾਹਰ ਆਏ ਅਤੇ ਉਸੇ ਸਾਲ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ।

ਸੀ ਪੀ ਆਈ ਹੈੱਡਕੁਆਰਟਰ ਵਿਖੇ

ਅਜੋਏ ਘੋਸ਼ ਨੂੰ ਅਕਤੂਬਰ 1934 ਵਿੱਚ ਬੰਬਈ ਵਿੱਚ ਸੀ ਪੀ ਆਈ ਦੀ ਕੇਂਦਰੀ ਕਮੇਟੀ ਲਈ ਚੁਣਿਆ ਗਿਆ ਅਤੇ ਉਨ੍ਹਾਂ ਨੇ ਪੀ.ਸੀ. ਜੋਸ਼ੀ, ਆਰ.ਡੀ. ਭਾਰਦਵਾਜ ਅਤੇ ਹੋਰਾਂ ਨੂੰ ਕਮਿਊਨਿਸਟ ਲਹਿਰ ਨੂੰ ਮੁੜ ਸੰਗਠਿਤ ਕਰਨ ਵਿੱਚ ਮਦਦ ਕੀਤੀ। 1935 ਦੇ ਅੰਤ ਵਿੱਚ ਸੂਰਤ ਵਿੱਚ ਇੱਕ ਮੀਟਿੰਗ ਵਿੱਚ ਪੀ.ਸੀ. ਜੋਸ਼ੀ ਨੂੰ ਸੀ ਪੀ ਆਈ ਦਾ ਜਨਰਲ ਸਕੱਤਰ ਚੁਣਿਆ ਗਿਆ। ਅਜੋਏ ਘੋਸ਼ ਨੂੰ 1936 ਵਿੱਚ ਪੋਲਿਟ ਬਿਊਰੋ ਲਈ ਚੁਣਿਆ ਗਿਆ।

ਸੀ ਪੀ ਆਈ ਦਾ ਪਹਿਲਾ ਅਧਿਕਾਰਤ ਪਰਚਾ ਨੈਸ਼ਨਲ ਫਰੰਟ 13 ਫਰਵਰੀ 1938 ਨੂੰ ਸ਼ੁਰੂ ਕੀਤਾ ਗਿਆ ।ਅਸਲ ਵਿਚ ਇਸ ਨੂੰ ਅਜੋਏ ਘੋਸ਼ ਹੀ ਚਲਾਉਂਦੇ ਸਨ, ਕਿਉਂਕਿ ਪੀ.ਸੀ. ਜੋਸ਼ੀ ਪੂਰੇ ਦੇਸ਼ ਵਿੱਚ ਸੰਗਠਨਾਤਮਕ ਅਤੇ ਰਾਜਨੀਤਕ ਕਾਰਜਾਂ ਵਿੱਚ ਰੁੱਝੇ ਰਹਿੰਦੇ ਸਨ।

ਇਹ ਯੂਰਪ ਵਿੱਚ ਨਾਜ਼ੀਵਾਦ ਅਤੇ ਫਾਸ਼ੀਵਾਦ ਦੇ ਉਭਾਰ ਦੇ ਨਤੀਜੇ ਵਜੋਂ ਵਧ ਰਹੇ ਰਾਸ਼ਟਰੀ ਆਜ਼ਾਦੀ ਅੰਦੋਲਨ ਦੇ ਨਾਲ-ਨਾਲ ਫਾਸ਼ੀਵਾਦ ਦੇ ਵਧ ਰਹੇ ਖਤਰੇ ਦੇ ਪਿਛੋਕੜ ਵਿੱਚ ਸੀ ਪੀ ਆਈ ਦੁਆਰਾ ਅਪਣਾਈ ਗਈ 'ਨੈਸ਼ਨਲ ਫਰੰਟ' ਦੀ ਰਣਨੀਤੀ ਅਤੇ ਦਾਅਪੇਚਾਂ ਦਾ ਦੌਰ ਸੀ। ਜਾਰਜੀ ਦਿਮਿਤਰੋਵ ਦੇ ਸੰਯੁਕਤ ਮੋਰਚੇ ਦੇ ਸੱਦੇ ਨੇ ਦੁਨੀਆ ਭਰ ਵਿੱਚ ਫਾਸ਼ੀਵਾਦ ਵਿਰੋਧੀ ਅਤੇ ਸਾਮਰਾਜ ਵਿਰੋਧੀ ਲਹਿਰਾਂ ਨੂੰ ਪ੍ਰੇਰਿਤ ਕੀਤਾ।

ਅਜੋਏ ਨੂੰ 1940 ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਦਿਓਲੀ ਹਿਰਾਸਤ ਕੈਂਪ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਦੌਰਾਨ ਉਨ੍ਹਾਂ ਦੇ ਦੋਵੇਂ ਫੇਫੜੇ ਲੱਗਭੱਗ ਪੂਰੀ ਤਰ੍ਹਾਂ ਨਸ਼ਟ ਹੋ ਗਏ ਸਨ, ਜਿਸ ਕਾਰਨ ਉਨ੍ਹਾਂ ਨੂੰ ਟੀ ਬੀ ਹੋ ਗਈ।

ਹਾਲਾਂਕਿ ਅਜੋਏ ਘੋਸ਼ ਗੰਭੀਰ ਸਿਹਤ ਸਥਿਤੀ ਕਾਰਨ ਸੀ ਪੀ ਆਈ ਦੀ ਪਹਿਲੀ ਕਾਂਗਰਸ (ਮਈ 1943, ਬੰਬਈ) ਵਿੱਚ ਸ਼ਾਮਲ ਨਹੀਂ ਹੋ ਸਕੇ, ਪਰ ਉਨ੍ਹਾਂ ਨੂੰ ਕੇਂਦਰੀ ਕਮੇਟੀ ਅਤੇ ਪੋਲਿਟ ਬਿਊਰੋ ਲਈ ਚੁਣ ਲਿਆ ਗਿਆ।

1945-47 ਦੇ ਉਭਾਰ ਦੇ ਨਤੀਜੇ ਵਜੋਂ ਭਾਰਤ 15 ਅਗਸਤ 1947 ਨੂੰ ਆਜ਼ਾਦ ਹੋ ਗਿਆ। ਸੀ ਪੀ ਆਈ ਨੇ ਆਜ਼ਾਦੀ ਦੀ ਪ੍ਰਾਪਤੀ ਦਾ ਸਵਾਗਤ ਕੀਤਾ। ਅਜੋਏ ਘੋਸ਼ ਨੇ ਮਹਾਨ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਇਆ।

ਅਜੋਏ ਘੋਸ਼, ਬੀ.ਟੀ.ਆਰ ਲਾਈਨ ਅਤੇ ਥ੍ਰੀ ਪੀ. ਦਾ ਪੱਤਰ

ਅਜੋਏ ਘੋਸ਼ ਸੀ.ਪੀ.ਆਈ. ਦੀ ਦੂਜੀ ਕਾਂਗਰਸ (ਫਰਵਰੀ 1948) ਵਿੱਚ ਵੀ ਸ਼ਾਮਲ ਨਹੀਂ ਹੋ ਸਕੇ। ਬੀ.ਟੀ. ਰਣਦੀਵੇ ਨੇ ਪੀ.ਸੀ. ਜੋਸ਼ੀ ਨੂੰ ਜਨਰਲ ਸਕੱਤਰ ਵਜੋਂ ਬਦਲ ਦਿੱਤਾ ਅਤੇ ਜੋਸ਼ੀ ਵਿਰੁੱਧ ਇੱਕ ਬਦਨਾਮ ਕਰਨ ਦੀ ਮੁਹਿੰਮ ਚਲਾਈ ਗਈ। ਮਾਅਰਕੇਬਾਜ਼ੀ ਅਤੇ ਸਵੈ ਵਿਨਾਸ਼ਕਾਰੀ ਰੁਚੀਆਂ ਕਰਕੇ ਪਾਰਟੀ ਗੰਭੀਰ ਸੰਕਟ ਵਿੱਚ ਡੁੱਬ ਗਈ। ਨਹਿਰੂ ਸਰਕਾਰ ਨੂੰ ਹਥਿਆਰਬੰਦ ਢੰਗ ਨਾਲ ਉਖਾੜ ਸੁੱਟਣ ਅਤੇ ਸਮਾਜਵਾਦੀ ਇਨਕਲਾਬ ਦਾ ਸੱਦਾ ਉਸ ਸਮੇਂ ਦਿੱਤਾ ਗਿਆ, ਜਦੋਂ ਦੇਸ਼ ਆਜ਼ਾਦੀ ਦੀ ਪ੍ਰਾਪਤੀ ਦਾ ਜਸ਼ਨ ਮਨਾ ਰਿਹਾ ਸੀ। ਨਤੀਜੇ ਵਜੋਂ ਪਾਰਟੀ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਗਈ। ਸਿਰਫ ਦੋ ਸਾਲਾਂ 1948-50 ਵਿੱਚ ਮੈਂਬਰਸ਼ਿਪ ਲੱਗਭੱਗ 90000 ਤੋਂ ਘਟ ਕੇ ਸਿਰਫ 9000 ਰਹਿ ਗਈ। ਹਜ਼ਾਰਾਂ ਨੂੰ ਕਾਇਰਤਾ ਦਾ ਕਲੰਕ ਲਾ ਕੇ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਵੱਡੀ ਗਿਣਤੀ ਵਿੱਚ ਨਾ ਉਮੀਦੀ ਕਰਕੇ ਛੱਡ ਗਏ, ਕਈ ਸੈਂਕੜੇ ਮਾਰੇ ਗਏ ਅਤੇ ਫਾਂਸੀ ਦੇ ਦਿੱਤੀ ਗਈ।

ਅਜੋਏ ਘੋਸ਼ ਨੂੰ 1948 ਵਿੱਚ ਗ੍ਰਿਫਤਾਰ ਕੀਤਾ ਗਿਆ। ਉਸ ਸਮੇਂ ਉਹ ਬਹੁਤ ਬਿਮਾਰ ਸਨ। ਉਹਨਾਂ ਨੇ ਮਾਅਰਕੇਬਾਜ਼ੀ ਵਾਲੀ ਨੀਤੀ ਦੇ ਵਿਰੁੱਧ ਇੱਕ ਸਪੱਸ਼ਟ ਸਟੈਂਡ ਲਿਆ। ਅਜੋਏ ਘੋਸ਼ (ਭੂਮੀਗਤ ਨਾਂਅ 'ਪ੍ਰਬੋਧ ਚੰਦਰ') ਨੇ ਐੱਸ.ਏ. ਡਾਂਗੇ ('ਪ੍ਰਭਾਕਰ') ਅਤੇ ਐੱਸ.ਵੀ. ਘਾਟੇ ('ਪੁਰਸ਼ੋਤਮ') ਨਾਲ ਮਿਲ ਕੇ ਮਸ਼ਹੂਰ ਥ੍ਰੀ ਪੀ'ਜ ਲੈਟਰ ਤਿਆਰ ਕੀਤਾ। ਇਹ ਬੀ.ਟੀ.ਆਰ. ਲਾਈਨ ਦੀ ਪਹਿਲੀ ਯੋਜਨਾਬੱਧ ਸਿਧਾਂਤਕ ਅਤੇ ਰਾਜਨੀਤਕ



ਆਲੋਚਨਾ ਸੀ, ਜਿਸ ਨੇ ਪਾਰਟੀ ਨੂੰ ਠੀਕ ਰਾਹ 'ਤੇ ਲਿਆਉਣ ਦਾ ਕੰਮ ਕੀਤਾ।

ਜਨਰਲ ਸਕੱਤਰ ਵਜੋਂ ਅਜੋਏ ਘੋਸ਼ : ਪਾਰਟੀ ਨੂੰ ਠੀਕ ਨੀਤੀ ਵੱਲ ਲਿਜਾਣਾ

ਅਜੋਏ ਘੋਸ਼ ਨੂੰ 1950 ਵਿੱਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ। 1951 ਵਿੱਚ ਕਲਕੱਤਾ ਵਿੱਚ ਹੋਈ ਸੀ ਪੀ ਆਈ ਦੀ ਇੱਕ ਭੂਮੀਗਤ ਕਾਨਫਰੰਸ ਨੇ ਸਰਬਸੰਮਤੀ ਨਾਲ ਉਨ੍ਹਾਂ ਨੂੰ ਜਨਰਲ ਸਕੱਤਰ ਚੁਣਿਆ। ਹੌਲੀ-ਹੌਲੀ ਪਾਰਟੀ ਠੀਕ ਰਾਹ 'ਤੇ ਆਉਣੀ ਸ਼ੁਰੂ ਹੋਈ। 1952 ਵਿਚ ਪਾਰਟੀ ਨੇ ਪਹਿਲੀਆਂ ਆਮ ਚੋਣਾਂ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ, ਜੋ ਕਿ ਇੱਕ ਵੱਡਾ ਬਦਲਾਅ ਸੀ। ਸੀ ਪੀ ਆਈ 27 ਸੀਟਾਂ ਜਿੱਤ ਕੇ ਲੋਕ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਵਜੋਂ ਉੱਭਰੀ। ਜੇਕਰ 1948-50 ਦੇ ਸਵੈ-ਵਿਨਾਸ਼ਕਾਰੀ ਰਸਤੇ 'ਤੇ ਨਾ ਚੱਲਿਆ ਗਿਆ ਹੁੰਦਾ ਤਾਂ ਇਹ ਆਸਾਨੀ ਨਾਲ ਕਿਤੇ ਜ਼ਿਆਦਾ ਸੀਟਾਂ ਜਿੱਤ ਸਕਦੀ ਸੀ।

ਪਾਰਟੀ ਨੇ ਸ਼ਾਂਤੀ, ਭੋਜਨ, ਕੀਮਤਾਂ, ਜਨਤਕ ਖੇਤਰ, ਰਾਸ਼ਟਰੀਕਰਨ ਤੇ ਹੋਰ, ਪਾਂਡੀਚੇਰੀ ਅਤੇ ਗੋਆ ਦੀ ਮੁਕਤੀ, ਰਾਜਾਂ ਦਾ ਪੁਨਰਗਠਨ, ਜ਼ਿਮੀਂਦਾਰੀ ਵਿਰੋਧੀ ਸੰਘਰਸ਼ ਆਦਿ ਵਰਗੇ ਕਈ ਲੋਕ ਹਿਤੈਸ਼ੀ ਜਨ ਅੰਦੋਲਨ ਸ਼ੁਰੂ ਕੀਤੇ। ਉਨ੍ਹਾਂ ਨੇ ਦਿਖਾਇਆ ਕਿ ਪਾਰਟੀ ਹੌਲੀ-ਹੌਲੀ ਦੇਸ਼ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਰਹੀ ਹੈ।

ਪਾਲਘਾਟ (1956) ਅਤੇ ਅੰਮ੍ਰਿਤਸਰ (1958) ਪਾਰਟੀ ਕਾਂਗਰਸ ਪਾਰਟੀ ਦੇ ਇਤਿਹਾਸ ਵਿੱਚ ਮਹੱਤਵਪੂਰਨ ਮੀਲ ਪੱਥਰ ਸਨ। ਪਾਰਟੀ ਨੇ ਸਮਾਜਵਾਦ ਦੇ ਰਾਹ 'ਤੇ ਲੋਕਤੰਤਰ ਅਤੇ ਜਮਹੂਰੀ ਅਧਿਕਾਰਾਂ ਲਈ ਸੰਘਰਸ਼ 'ਤੇ ਜ਼ੋਰ ਦਿੱਤਾ। ਕੇਰਲਾ ਵਿੱਚ 1957 ਵਿਚ ਕਮਿਊਨਿਸਟ ਸਰਕਾਰ ਦੇ ਬਣਨ ਨੇ ਦਿਖਾਇਆ ਕਿ ਸੰਸਦੀ ਸੰਘਰਸ਼ ਬਹੁਤ ਜ਼ਰੂਰੀ ਸੀ। ਰਣਨੀਤੀ ਅਤੇ ਰਾਜਨੀਤੀ ਦੇ ਦਾਅਪੇਚਾਂ ਵਿਚ ਤਬਦੀਲੀਆਂ ਦੀ ਲੋੜ ਸੀ। ਇਸ ਤਰ੍ਹਾਂ ਭਾਰਤ ਵਿੱਚ ਕਮਿਊਨਿਸਟ ਲਹਿਰ ਨੂੰ ਉਸ ਸਥਿਤੀ ਦਾ ਸਾਹਮਣਾ ਕਰਨਾ ਪਿਆ, ਜੋ ਕਿ ਉਸ ਵੇਲੇ ਜੋ ਪ੍ਰਾਪਤ ਕਰਨਾ ਸੀ, ਉਸ ਸਮਝ ਤੋਂ ਵੱਖਰੀ ਸੀ। ਫਿਰ ਵੀ ਇੱਕ ਵਰਗ ਨੇ ਅਜੇ ਵੀ 'ਅੰਨ੍ਹੇ ਕਾਂਗਰਸਵਾਦ ਵਿਰੋਧ' ਦੇ ਸੰਕੀਰਨ ਅਤੇ ਕੱਟੜਪੰਥੀ ਵਿਚਾਰਧਾਰਾ ਛੱਡਣ ਤੋਂ ਇਨਕਾਰ ਕਰ ਦਿੱਤਾ।

ਜੂਨ 1955 ਵਿੱਚ ਸੀ.ਪੀ.ਆਈ. ਦੀ ਕੇਂਦਰੀ ਕਮੇਟੀ ਦੀ ਮੀਟਿੰਗ ਤੋਂ ਬਾਅਦ ਜਦੋਂ ਪੱਤਰਕਾਰਾਂ ਦੁਆਰਾ ਪੁੱਛਿਆ ਗਿਆ ਕਿ ਸੀ.ਪੀ.ਆਈ. ਨੇ ਨਹਿਰੂ ਸਰਕਾਰ ਨੂੰ ਬਦਲਣ ਦੀ ਮੰਗ ਕਿਉਂ ਨਹੀਂ ਕੀਤੀ, ਤਾਂ ਅਜੋਏ ਘੋਸ਼ ਨੇ ਜਵਾਬ ਦਿੱਤਾ ਕਿ ਉਸ ਸਥਿਤੀ ਵਿੱਚ ਸੱਜੇ ਪੱਖੀ ਆਰ.ਐੱਸ.ਐੱਸ.-ਜਨ ਸੰਘ ਸੱਤਾ ਵਿੱਚ ਆ ਜਾਣਗੇ ਅਤੇ ਸੀ.ਪੀ.ਆਈ. ਇਸ ਦੀ ਇਜਾਜ਼ਤ ਨਹੀਂ ਦੇ ਸਕਦੀ। ਸਰਕਾਰ ਨੂੰ ਸਿਰਫ ਇੱਕ ਵਿਸ਼ਾਲ ਸੰਯੁਕਤ ਲੋਕਤੰਤਰੀ ਮੋਰਚੇ ਦੁਆਰਾ ਬਦਲਿਆ ਜਾ ਸਕਦਾ ਹੈ, ਜਿਸ ਵਿੱਚ ਕਾਂਗਰਸ ਦੇ ਪ੍ਰਗਤੀਸ਼ੀਲ ਵਰਗ ਸ਼ਾਮਲ ਹੋਣ।

1958 ਵਿਚ ਸੀ.ਪੀ.ਆਈ. ਦੀ ਅੰਮ੍ਰਿਤਸਰ ਕਾਂਗਰਸ ਨੇ ਭਾਰਤੀ ਕਮਿਊਨਿਸਟਾਂ ਦੁਆਰਾ ਲੋਕਤੰਤਰ ਲਈ ਸੰਘਰਸ਼ ਅਤੇ ਮਾਰਕਸਵਾਦ ਦੇ ਰਚਨਾਤਮਕ ਵਿਕਾਸ ਵਿੱਚ ਇੱਕ ਗੁਣਾਤਮਕ ਤੌਰ 'ਤੇ ਨਵੇਂ ਪੜਾਅ ਦੀ ਨਿਸ਼ਾਨਦੇਹੀ ਕੀਤੀ। ਸੀ ਪੀ ਆਈ ਸੰਵਿਧਾਨ ਅਤੇ ਹੋਰ ਦਸਤਾਵੇਜ਼ਾਂ ਦੀ ਨਵੀਂ 'ਪ੍ਰਸਤਾਵਨਾ' ਨੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੀ ਧਾਰਨਾ ਨੂੰ ਤਿਆਗ ਦਿੱਤਾ, ਇੱਕ ਵਿਸ਼ਾਲ ਤਿੰਨ-ਪੱਧਰੀ ਲੀਡਰਸ਼ਿਪ ਸਥਾਪਤ ਕੀਤੀ, ਭਾਰਤੀ ਸੰਵਿਧਾਨ ਦੀ ਮਹੱਤਵਪੂਰਨ ਭੂਮਿਕਾ ਨੂੰ ਪੂਰੀ ਤਰ੍ਹਾਂ ਮਾਨਤਾ ਦਿੱਤੀ, ਭਾਰਤ ਵਿੱਚ ਭਵਿੱਖ ਦੇ ਸਮਾਜਵਾਦ ਦੇ ਤਹਿਤ ਵਿਰੋਧੀ ਪਾਰਟੀਆਂ ਲਈ ਪ੍ਰਬੰਧ ਕੀਤੇ ਅਤੇ ਹਥਿਆਰਾਂ ਦਾ ਸਹਾਰਾ ਲਏ ਬਿਨਾਂ ਸਮਾਜਵਾਦ ਵਿੱਚ ਸ਼ਾਂਤੀਪੂਰਨ ਤਬਦੀਲੀ ਦੀ ਧਾਰਨਾ ਨੂੰ ਅਪਣਾਇਆ।

ਅਜੋਏ ਘੋਸ਼ ਨੇ ਇਨ੍ਹਾਂ ਤਬਦੀਲੀਆਂ ਵਿੱਚ ਕੇਂਦਰੀ ਭੂਮਿਕਾ ਨਿਭਾਈ। ਸੀ ਪੀ ਆਈ ਇਤਿਹਾਸਕ ਤਬਦੀਲੀ ਦੇ ਪੜਾਅ 'ਤੇ ਸੀ।

ਦੁਨੀਆ ਦੀ ਨਵੀਂ ਸਥਿਤੀ ਅਤੇ ਵਿਸਵ ਕਮਿਊਨਿਸਟ ਕਾਨਫਰੰਸ

1957, 1960 ਅਤੇ 1969 ਵਿੱਚ ਤਿੰਨ ਪ੍ਰਮੁੱਖ ਵਿਸ਼ਵ ਕਮਿਊਨਿਸਟ ਕਾਨਫਰੰਸਾਂ ਹੋਈਆਂ, ਜਿਸ ਵਿੱਚ ਨਵੀਂ ਵਿਸ਼ਵ ਸਥਿਤੀ ਅਤੇ ਕਮਿਊਨਿਸਟਾਂ ਦੀ ਰਣਨੀਤੀ ਅਤੇ ਦਾਅਪੇਚਾਂ ਦਾ ਮੁਲਾਂਕਣ ਕੀਤਾ ਗਿਆ। ਨਵੰਬਰ 1960 ਵਿਚ ਅਜੋਏ ਘੋਸ਼ ਨੇ ਮਾਸਕੋ ਵਿੱਚ 81-ਪਾਰਟੀਆਂ ਦੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਸੀ ਪੀ ਆਈ ਨੇ ਸ਼ਾਂਤੀਪੂਰਨ ਸਹਿ-ਹੋਂਦ ਅਤੇ ਸ਼ਾਂਤੀਪੂਰਨ ਤਬਦੀਲੀ, ਵਿਕਾਸਸ਼ੀਲ ਦੇਸ਼ਾਂ ਦੀ ਸਾਮਰਾਜ ਵਿਰੋਧੀ ਜਮਹੂਰੀ ਭੂਮਿਕਾ, ਰਾਸ਼ਟਰੀ ਲੋਕਤੰਤਰ ਅਤੇ ਸੰਸਦੀ ਮਾਰਗ ਦੀਆਂ ਸੰਭਾਵਨਾਵਾਂ ਦੇ ਫੈਸਲਿਆਂ ਦਾ ਸਮਰਥਨ ਕੀਤਾ। ਸੀ ਪੀ ਆਈ ਨੇ ਕਾਨਫਰੰਸ ਦੇ ਦਸਤਾਵੇਜ਼ਾਂ 'ਤੇ ਦਸਤਖਤ ਵੀ ਕੀਤੇ।

ਮਾਓਵਾਦ ਦਾ ਉਭਾਰ, ਵਿਜੇਵਾੜਾ ਕਾਂਗਰਸ ਅਤੇ ਪਾਰਟੀ ਵਿੱਚ ਫੁੱਟ

ਭਾਵੇਂ ਚੀਨ ਦੀ ਕਮਿਊਨਿਸਟ ਪਾਰਟੀ ਨੇ 81 ਪਾਰਟੀਆਂ ਦੀ ਕਾਨਫਰੰਸ ਦੇ ਬਿਆਨ 'ਤੇ ਦਸਤਖਤ ਕੀਤੇ ਸਨ, ਪਰ ਇਹ ਜਲਦੀ ਹੀ ਇਸ ਤੋਂ ਪਿੱਛੇ ਹਟ ਗਈ ਅਤੇ ਇੱਕ ਸਮਾਨਾਂਤਰ ਦਸਤਾਵੇਜ਼ 'ਲੈਨਿਨਵਾਦ ਜ਼ਿੰਦਾਬਾਦ' ਜਾਰੀ ਕਰ ਦਿੱਤਾ। ਚੀਨ ਵਿੱਚ ਮਾਓਵਾਦ ਉੱਭਰਿਆ, ਜਿਸ ਨੇ ਵਿਸ਼ਵ ਕਮਿਊਨਿਸਟ ਲਹਿਰ ਨੂੰ ਤੋੜਨ ਦੇ ਇੱਕ ਪੜਾਅ ਦਾ ਸੰਕੇਤ ਦਿੱਤਾ।

ਵਿਜੇਵਾੜਾ ਵਿਖੇ 1961 ਵਿਚ ਪਾਰਟੀ ਦੀ ਛੇਵੀਂ ਕਾਂਗਰਸ ਵਿੱਚ ਫੁੱਟ ਦਾ

ਅਗਲੀਆਂ ਚੋਣਾਂ ਤੋਂ ਏਨਾ ਅਗੇਤਾ ਧਰੁਵੀਕਰਨ ਭਾਰਤ ਦੇ ਭਵਿੱਖ ਲਈ ਸੁਖਾਵਾਂ ਨਹੀਂ ਹੋਣ ਲੱਗਾ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦੀ ਮੌਜੂਦਾ ਸਰਕਾਰ ਦਾ ਅਜੇ ਮਸਾਂ ਇੱਕੋ ਸਾਲ ਲੰਘਿਆ ਹੈ, ਚਾਰ ਬਾਕੀ ਪਏ ਹਨ, ਪਰ ਜਿਹੜੇ ਕਦਮ ਇਹ ਸਰਕਾਰ ਚੁੱਕ ਰਹੀ ਹੈ, ਉਨ੍ਹਾਂ ਸਾਰਿਆਂ ਨਾਲ ਇਹ ਸ਼ਬਦ ਜੁੜ ਜਾਂਦਾ ਹੈ ਕਿ ਨਜ਼ਰ ਅਗਲੀਆਂ ਚੋਣਾਂ ਉੱਪਰ ਲੱਗੀ ਹੋਈ ਹੈ। ਅਸੀਂ ਬੀਤੇ ਸਾਢੇ ਪੰਜ ਦਹਾਕਿਆਂ ਤੋਂ ਇਹ ਸੁਣਦੇ ਰਹੇ ਸਾਂ ਕਿ ਸਰਕਾਰਾਂ ਪਹਿਲੇ ਤਿੰਨ ਸਾਲ ਚੋਣਾਂ ਬਾਰੇ ਕੋਈ ਚਿੰਤਾ ਨਹੀਂ ਕਰਦੀਆਂ ਅਤੇ ਆਖਰੀ ਦੋ ਸਾਲਾਂ ਵਿੱਚ ਹੋਰ ਸਭ ਗੱਲਾਂ ਭੁੱਲ ਕੇ ਸਿਰਫ ਚੋਣਾਂ ਵੱਲ ਅੱਖ ਲੱਗੀ ਰਹਿੰਦੀ ਹੈ। ਹਾਲਾਤ ਏਨੇ ਬਦਲ ਗਏ ਹਨ ਕਿ ਜਿਹੜਾ ਇੱਕ ਸਾਲ ਲੰਘਿਆ ਹੈ, ਉਸ ਦੌਰਾਨ ਵੀ ਇਸ ਵਕਤ ਦੀ ਭਾਰਤ ਸਰਕਾਰ ਬਾਰੇ ਇਹੋ ਸੁਣਨ ਨੂੰ ਮਿਲਦਾ ਰਿਹਾ ਕਿ ਇਸ ਦੀ ਨਜ਼ਰ ਅਗਲੀਆਂ ਚੋਣਾਂ ਉੱਤੇ ਹੈ। ਸਰਕਾਰ ਅਗਲੀਆਂ ਚੋਣਾਂ ਦਾ ਚੇਤਾ ਰੱਖ ਕੇ ਦੇਸ਼ ਵਾਸੀਆਂ ਦੇ ਭਲੇ ਲਈ ਕੁਝ ਚੰਗੇ ਕਦਮ ਚੁੱਕਦੀ ਹੈ ਤਾਂ ਕੋਈ ਮਾੜੀ ਗੱਲ ਨਹੀਂ, ਪਰ ਲੋਕ ਭਲਾਈ ਦੀ ਥਾਂ ਸਾਰਾ ਜ਼ੋਰ ਲੋਕਾਂ ਵਿੱਚ ਏਦਾਂ ਦੀ ਕਤਾਰਬੰਦੀ ਕਰਨ ਉੱਤੇ ਲੱਗਦਾ ਜਾਂਦਾ ਹੈ, ਜਿਸ ਨਾਲ ਚੋਣਾਂ ਵਿੱਚ ਕਿਸੇ ਖਾਸ ਸਮਾਜੀ ਵਰਗ ਦੀ ਥਾਂ ਕਿਸੇ ਖਾਸ ਧਰਮ ਦੀਆਂ ਵੋਟਾਂ ਨੂੰ ਹੁੰਝਾ ਮਾਰਿਆ ਜਾ ਸਕੇ। ਬੀਤੇ ਹਫਤੇ ਪਾਰਲੀਮੈਂਟ ਤੋਂ ਪਾਸ ਕਰਾਇਆ ਗਿਆ ਵਕਫ ਬਿੱਲ ਵੀ ਏਸੇ ਤਰ੍ਹਾਂ ਦਾ ਇੱਕ ਕਦਮ ਹੈ, ਜਿਸ ਦੀ ਹਕੀਕਤ ਬਾਰੇ ਸਾਰਿਆਂ ਨੂੰ ਪਤਾ ਹੈ।

ਸਾਨੂੰ ਇਹ ਮੰਨਣ ਵਿੱਚ ਹਰਜ਼ ਨਹੀਂ ਹੋਣਾ ਚਾਹੀਦਾ ਕਿ ਵਕਫ ਬੋਰਡ ਦੇ ਪਰਦੇ ਹੇਠ ਇਸਲਾਮੀ ਮਾਮਲਿਆਂ ਦੀ ਤਰਫਦਾਰੀ ਦੇ ਬਹਾਨੇ ਬਹੁਤ ਕੁਝ ਏਦਾਂ ਦਾ ਹੋਈ ਜਾਂਦਾ ਹੈ, ਜਿਹੜਾ ਨਹੀਂ ਹੋਣਾ ਚਾਹੀਦਾ। ਇਸ ਦੇ ਬਰਾਬਰ ਦਾ ਦੂਸਰਾ ਸਵਾਲ ਇਹ ਹੈ ਕਿ ਕੀ ਇਹ ਕੁਝ ਸਿਰਫ ਇਸਲਾਮੀ ਸਮਾਜ ਨਾਲ ਜੁੜੀਆਂ ਸੰਸਥਾਵਾਂ ਵਿੱਚ ਹੁੰਦਾ ਹੈ ਜਾਂ ਦੂਸਰੇ ਧਰਮਾਂ ਵਿੱਚ ਵੀ ਹੋਈ ਜਾਂਦਾ ਹੈ? ਇਸਲਾਮੀ ਸਮਾਜ ਵਿੱਚ ਸੰਸਥਾ ਦੇ ਰੂਪ ਵਿੱਚ ਸਮੁੱਚੇ ਦੇਸ਼ ਦੇ ਪੱਧਰ ਦਾ ਵਕਫ ਬੋਰਡ ਇਸ ਦੋਸ਼ ਦਾ ਕੇਂਦਰ ਮੰਨਿਆ ਜਾਂਦਾ ਹੈ, ਪਰ ਦੂਸਰੇ ਧਰਮਾਂ ਵਿੱਚ ਦੇਸ਼ ਪੱਧਰ ਦੀ ਸੰਸਥਾ ਨਾ ਸਹੀ, ਇਲਾਕਾਈ ਪੱਧਰ ਜਾਂ ਸਥਾਨਕ ਪੱਧਰ ਉੱਤੇ ਏਦਾਂ ਦੀਆਂ ਕਈ ਸੰਸਥਾਵਾਂ ਚਰਚਾ ਵਿੱਚ ਰਹਿੰਦੀਆਂ ਹਨ, ਜਿਨ੍ਹਾਂ ਦੀ ਮਾਇਕ ਤੇ ਜਾਇਦਾਦਾਂ ਦੀ ਮਜ਼ਬੂਤੀ ਜਾਂ ਜਕੜ ਦੀ ਚਰਚਾ ਕਈ ਵਾਰ ਹੁੰਦੀ ਰਹੀ ਹੈ। ਉਨ੍ਹਾਂ ਨਾਲ ਸੰਬੰਧਤ ਕਈ ਏਦਾਂ ਦੇ ਵਿਵਾਦ ਬੀਤੇ ਸਮੇਂ ਵਿੱਚ ਮੁੜ-ਮੁੜ ਅਦਾਲਤਾਂ ਤੱਕ ਵੀ ਜਾਂਦੇ ਰਹੇ ਅਤੇ ਉਨ੍ਹਾਂ ਦਾ ਨਿਬੇੜਾ ਹੋਣ ਵਿੱਚ ਕਈ-ਕਈ ਸਾਲ ਲੱਗ ਜਾਂਦੇ ਰਹੇ। ਇਸ ਦੇ ਬਾਵਜੂਦ ਕਦੇ ਸਪੱਸ਼ਟ ਸਥਿਤੀ ਸਾਹਮਣੇ ਨਹੀਂ ਆਈ ਅਤੇ ਇਸ ਬਾਰੇ ਕੇਂਦਰ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਨੇ ਇਨ੍ਹਾਂ ਮਾਮਲਿਆਂ ਵਿੱਚ ਕਾਨੂੰਨੀ ਦਖਲ ਦਾ ਰਾਹ ਆਮ ਤੌਰ ਉੱਤੇ ਨਹੀਂ ਸੀ ਵਰਤਿਆ।

ਕਈ ਸਾਲ ਪਹਿਲਾਂ ਕੁਝ ਧਰਮ ਅਸਥਾਨਾਂ ਦੇ ਤਹਿਖਾਨਿਆਂ ਵਿਚਲੇ ਖਜ਼ਾਨੇ ਵਿੱਚ ਸੋਨੇ-ਚਾਂਦੀ ਦੀਆਂ ਇੱਟਾਂ ਬਾਰੇ ਚਰਚਾ ਛਿੜੀ, ਅਦਾਲਤਾਂ ਵਿੱਚ ਅਰਜ਼ੀਆਂ ਪੇਸ਼ ਕੀਤੀਆਂ ਗਈਆਂ, ਫਿਰ ਸੁਣਨ ਨੂੰ ਮਿਲਿਆ ਕਿ ਉਸ ਧਰਮ ਅਸਥਾਨ ਦੇ ਕਈ ਰਸਤਿਆਂ ਵਿੱਚੋਂ ਇੱਕ ਦਰਵਾਜ਼ਾ ਸਮੁੰਦਰ ਵਿੱਚ ਖੁੱਲ੍ਹਦਾ ਹੈ ਤੇ ਜੇ ਉਸ ਨੂੰ ਖੋਲ੍ਹਣ ਦਾ ਯਤਨ ਵੀ ਕੀਤਾ ਗਿਆ ਤਾਂ ਕੁਝ ਏਦਾਂ ਦਾ ਵਾਪਰ ਸਕਦਾ ਹੈ, ਜਿਹੜਾ ਕਿਸੇ ਨੇ ਸੋਚਿਆ ਨਹੀਂ ਹੋਣਾ। ਕਿਸੇ ਬਾਹਰਲੇ ਬੰਦੇ ਨੇ ਇਸ ਵਿੱਚ ਦਖਲ ਨਹੀਂ ਸੀ ਦਿੱਤਾ, ਉਸ ਧਰਮ ਨਾਲ ਜੁੜੇ ਹੋਏ ਲੋਕਾਂ ਦੀ ਇੱਕ ਜਾਂ ਦੂਸਰੀ ਸੰਸਥਾ ਨੇ ਅਦਾਲਤ ਪਹੁੰਚ ਕਰ ਕੇ ਇਸ ਦਾ ਨਿਬੇੜਾ ਕਰਨ ਦੀ ਬੇਨਤੀ ਕੀਤੀ ਸੀ। ਇਹ ਵੀ ਸੁਣਿਆ ਗਿਆ ਕਿ ਇਨ੍ਹਾਂ ਥਾਵਾਂ ਉੱਤੇ ਏਨੀ ਦੌਲਤ ਹੈ ਕਿ ਉਸ ਦਾ ਲੇਖਾ ਕਰਦਿਆਂ ਅੰਕੜਿਆਂ ਦਾ ਮੌਜੂਦਾ ਸਿਸਟਮ ਅਧੂਰਾ ਰਹਿ ਸਕਦਾ ਹੈ ਤੇ ਔਕੜਾਂ ਦੀ ਮਾਰ ਝੱਲ ਰਹੇ ਦੇਸ਼ ਦੀ ਆਰਥਿਕਤਾ ਦੇ ਬਾਜ਼ਾਦੀ ਚੱਲਣ, ਜਿਸ ਨੂੰ ਸਰਕੂਲੇਸ਼ਨ ਕਿਹਾ ਜਾਂਦਾ ਹੈ, ਵਿੱਚ ਇਹ ਮਾਇਆ ਆ ਜਾਵੇ ਤਾਂ ਸੰਸਾਰ ਦੀਆਂ ਵੱਡੀਆਂ ਆਰਥਿਕਤਾਵਾਂ ਭਾਰਤ ਸਾਹਮਣੇ ਬੌਣੀਆਂ ਹੋ ਜਾਣਗੀਆਂ। ਭਾਰਤ ਸਰਕਾਰ ਨੇ ਇਸ ਦਾ ਨਿਬੇੜਾ ਕਰਨ ਜਾਂ ਉੱਠਣ ਵਾਲੇ ਵਿਵਾਦਾਂ ਦਾ ਰਾਹ ਰੋਕਣ ਦਾ ਪੱਕਾ ਪ੍ਰਬੰਧ ਕਰਨ ਲਈ ਕਦੇ ਪਹਿਲ ਕਰਨ ਦਾ ਕੋਈ ਸੰਕੇਤ ਨਹੀਂ ਦਿੱਤਾ। ਦੋਸ਼ ਇਹ ਵੀ ਲਾਇਆ ਜਾਂਦਾ ਰਿਹਾ ਕਿ ਦੱਖਣ ਵਿੱਚ ਇੱਕ ਮੰਦਰ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਬਣਨ ਵਾਲੇ ਵਿਅਕਤੀ ਤੋਂ ਕਰੋੜਾਂ ਰੁਪਏ ਲਏ ਜਾਂਦੇ ਹਨ ਅਤੇ ਫਿਰ ਉਸ ਦੀਆਂ ਮੌਜਾਂ ਲੱਗ ਜਾਂਦੀਆਂ ਹਨ, ਪਰ ਕੇਂਦਰ ਦੀ ਜਾਂ ਉਸ ਰਾਜ ਦੀ ਜਾਂ ਜਿਹੜੇ ਰਾਜਾਂ ਦੀ ਰਾਜਨੀਤੀ ਉਨ੍ਹਾਂ ਮੰਦਰਾਂ ਦੇ ਪ੍ਰਬੰਧ ਤੋਂ ਪ੍ਰਭਾਵਤ ਹੁੰਦੀ ਹੈ, ਓਥੋਂ ਦੀ ਸਰਕਾਰ ਨੇ ਇਸ ਬਾਰੇ ਕੁਝ ਕੀਤੇ ਜਾਣ ਦੀ ਲੋੜ ਮਹਿਸੂਸ ਨਹੀਂ ਸੀ ਕੀਤੀ। ਜਦੋਂ ਏਨਾ ਕੁਝ ਹੁੰਦਾ ਅਤੇ ਚਰਚਾ ਵਿੱਚ ਆਉਂਦਾ ਵੇਖ ਕੇ ਕਦੀ ਕੋਈ ਦਖਲ ਨਹੀਂ ਦਿੱਤਾ ਤਾਂ ਇਹ ਸਵਾਲ ਉੱਠਣਾ ਸੁਭਾਵਕ ਜਿਹਾ ਹੈ ਕਿ ਵਕਫ ਬੋਰਡ ਦੀ ਚਿੰਤਾ ਅਚਾਨਕ ਏਨੀ ਜ਼ਰੂਰੀ ਕਿਉਂ ਹੋ ਗਈ ਸੀ? ਇਹੋ ਸਵਾਲ ਦੇਸ਼ ਦੀ ਅਜੋਕੀ ਰਾਜਨੀਤਕ ਹਲਚਲ ਦਾ ਕੇਂਦਰ ਬਣਿਆ ਪਿਆ ਹੈ।

ਸਾਰਿਆਂ ਨੂੰ ਪਤਾ ਹੈ ਕਿ ਛੇ ਸਾਲ ਪਹਿਲਾਂ ਜਦੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਲਗਾਤਾਰ ਦੂਸਰੀ ਸਰਕਾਰ ਬਣੀ ਤਾਂ ਕੁਝ ਹਫਤਿਆਂ ਬਾਅਦ ਹੀ ਜੰਮੂ-ਕਸ਼ਮੀਰ ਵਾਸਤੇ ਸੰਵਿਧਾਨ ਦੀ ਧਾਰਾ ਤਿੰਨ ਸੌ ਸੱਤਰ ਤੋੜਨ ਵਾਲਾ ਫੈਸਲਾ ਅਚਾਨਕ ਬਹੁਤ ਤੇਜ਼ੀ ਨਾਲ ਕੀਤਾ ਅਤੇ ਲਾਗੂ ਕਰਵਾਇਆ ਗਿਆ ਸੀ। ਓਦੋਂ ਪਹਿਲਾਂ ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਪੰਜ ਸਾਲ ਪ੍ਰਧਾਨ ਮੰਤਰੀ ਰਹਿ ਚੁੱਕੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਇਹ ਧਾਰਾ ਏਨੇ ਵੱਡੇ ਵਿਤਕਰੇ ਦੀ ਜੜ੍ਹ ਹੈ ਕਿ ਬਾਪ ਦੀ ਜਾਇਦਾਦ ਵਿੱਚੋਂ ਭਰਾ ਦਾ ਹਿੱਸਾ ਹੁੰਦਾ ਹੈ, ਭੈਣ ਜੇ ਰਾਜ ਤੋਂ ਬਾਹਰ ਵਿਆਹੀ ਜਾਂਦੀ ਹੈ ਤਾਂ ਹਿੱਸਾ ਗੁਆ ਬੈਠਦੀ ਹੈ। ਅਸੀਂ ਇਹ ਨਹੀਂ ਮੰਨ ਸਕਦੇ ਕਿ ਪ੍ਰਧਾਨ ਮੰਤਰੀ ਨੂੰ ਪਤਾ ਨਹੀਂ ਹੋਵੇਗਾ ਕਿ ਇਹ ਅੜਚਣ ਬੜਾ ਚਿਰ ਪਹਿਲਾਂ ਦੂਰ ਕੀਤੀ ਜਾ ਚੁੱਕੀ ਸੀ, ਫਿਰ ਵੀ ਉਹ ਪ੍ਰਚਾਰ ਕਰਦੇ ਰਹੇ ਅਤੇ ਫਿਰ ਧਾਰਾ ਤਿੰਨ ਸੌ ਸੱਤਰ ਤੋੜਨ ਲਈ ਇਹ ਅਤੇ ਏਦਾਂ ਦੀਆਂ ਕੁਝ ਗੱਲਾਂ ਆਧਾਰ ਬਣਾ ਲਈਆਂ ਗਈਆਂ ਸਨ। ਅਸਲ ਕਾਰਨ ਉਹ ਨਹੀਂ ਸੀ, ਜਿਹੜਾ ਭਾਜਪਾ ਅਤੇ ਉਸ ਨਾਲ ਜੁੜੇ ਲੋਕਾਂ ਨੇ ਦੱਸਿਆ ਸੀ, ਸਗੋਂ ਜੰਮੂ-ਕਸ਼ਮੀਰ ਦੇ ਲੋਕਾਂ ਵਿੱਚ ਧਾਰਮਿਕ ਪੱਖੋਂ ਇੱਕ ਹਿੱਸੇ ਨੂੰ ਰਾਜਨੀਤੀ ਦੀ ਲੋੜ ਵਾਸਤੇ ਦੂਸਰੇ ਪੱਖ ਦੇ ਲੋਕਾਂ ਵਿਰੁੱਧ ਉਕਸਾ ਕੇ ਵਰਤਣ ਦੀ ਰਣਨੀਤੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਇਹ ਜੂਆ ਉਸ ਰਾਜ ਵਿੱਚ ਕਾਮਯਾਬ ਹੋ ਵੀ ਸਕਦਾ ਹੈ ਤੇ ਨਹੀਂ ਵੀ, ਪਰ ਇਹ ਯਕੀਨ ਸੀ ਕਿ ਹਿੰਦੂਤਵ ਦੀ ਰਾਜਨੀਤੀ ਕਰਨ ਲਈ ਇਹ ਮੁੱਦਾ ਬਾਕੀ ਸਾਰੇ ਦੇਸ਼ ਵਿੱਚ ਨਾ ਸਿਰਫ ਵਰਤਿਆ ਜਾ ਸਕਦਾ ਹੈ, ਸਗੋਂ ਕਾਮਯਾਬ ਵੀ ਰਹੇਗਾ।

ਪਿਛਲੇ ਸਾਲ ਜਦੋਂ ਚੋਣਾਂ ਹੋਣ ਵਾਲੀਆਂ ਸਨ, ਕੁਝ ਹਫਤੇ ਪਹਿਲਾਂ ਅਚਾਨਕ ਅਯੁੱਧਿਆ ਵਿੱਚ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਗਮ ਰੱਖਿਆ ਗਿਆ, ਜਿਸ ਬਾਰੇ ਹਿੰਦੂ ਸੰਤਾਂ ਅਤੇ ਸੰਪਰਦਾਵਾਂ ਦੀ ਵੀ ਸਹਿਮਤੀ ਨਹੀਂ ਸੀ। ਬਹੁਤ ਸਾਰੇ ਹਿੰਦੂ ਸੰਤਾਂ ਅਤੇ ਸੰਸਥਾਵਾਂ ਨੂੰ ਇਸ ਗੱਲ ਦਾ ਇਤਰਾਜ਼ ਸੀ ਕਿ ਜਦੋਂ ਮਾਮਲਾ ਧਰਮ ਦਾ ਹੈ ਤਾਂ ਇਸ ਦਾ ਮੁੱਖ ਜਜ਼ਮਾਨ ਦੇਸ਼ ਦੇ ਸਭ ਤੋਂ ਵੱਡੇ ਰਾਜਸੀ ਰੁਤਬੇ ਵਾਲੇ ਆਗੂ ਨੂੰ ਕਿਉਂ ਬਣਾਇਆ ਤੇ ਹਿੰਦੂ ਧਰਮ ਦੇ ਮਹਾਂਪੁਰਸ਼ਾਂ ਨੂੰ ਲਾਂਭੇ ਕਿਉਂ ਕਰ ਦਿੱਤਾ ਗਿਆ? ਜਗਤ ਗੁਰੂ ਦੇ ਰੁਤਬੇ ਵਾਲੇ ਸ਼ੰਕਰਾਚਾਰੀਆ ਵੀ ਇਸ ਸਮਾਗਮ ਵਿੱਚ ਪ੍ਰੰਪਰਾਵਾਂ ਦੇ ਉਲੰਘਣ ਦਾ ਵਿਰੋਧ ਕਰਦੇ ਰਹੇ, ਪਰ ਸਮਾਗਮ ਕਰਨ ਤੇ ਕਰਾਉਣ ਵਾਲਿਆਂ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਨਹੀਂ ਸੀ ਸਮਝੀ, ਕਿਉਂਕਿ ਉਹ ਆਪਣੇ ਪੱਖ ਵਿੱਚ ਜਿਨ੍ਹਾਂ ਲੋਕਾਂ ਨੂੰ ਚੋਣਾਂ ਵਿੱਚ ਲਾਮਬੰਦ ਕਰਨ ਦੀ ਲੋੜ ਸਮਝਦੇ ਸਨ, ਉਹ ਲੋਕ ਇਸ ਗੱਲ ਨਾਲ ਖੁਸ਼ ਸਨ ਕਿ ਭਗਵਾਨ ਰਾਮ ਦਾ ਮੰਦਰ ਬਣ ਗਿਆ ਹੈ। ਚੋਣਾਂ ਦੌਰਾਨ ਉਸ ਭਾਈਚਾਰੇ ਨੂੰ ਆਪਣੇ ਪਿੱਛੇ ਲਾਈ ਰੱਖਣ ਲਈ ਬਹੁਤ ਸਾਰੇ ਮੁੱਦਿਆਂ ਨੂੰ ਘੁੰਮਾ ਕੇ ਏਦਾਂ ਦਾ ਰੂਪ ਦੇ ਦਿੱਤਾ ਗਿਆ ਕਿ ਉਹ ਭਾਈਚਾਰਾ ਇਹ ਸੋਚਣ ਲੱਗ ਪਵੇ ਕਿ ਬਾਕੀ ਸਭ ਗੱਲਾਂ ਪਿੱਛੋਂ ਵੇਖੀਆਂ ਜਾਣਗੀਆਂ, ਧਰਮ-ਰੱਖਿਆ ਲਈ ਜਿਹੜੀ ਰਾਜਨੀਤਕ ਪੱਖ ਵੱਲੋਂ ਅਗਵਾਈ ਕਰ ਸਕਦੀ ਹੈ, ਉਸ ਦਾ ਅਗਵਾਨੂ ਸਿਰਫ ਨਰਿੰਦਰ ਮੋਦੀ ਹੈ। ਇਹੀ ਨਹੀਂ, ਸਗੋਂ ਮੋਦੀ ਸਾਹਿਬ ਇਹ ਕਹਿਣ ਤੱਕ ਵੀ ਚਲੇ ਗਏ ਕਿ ਉਹ ਬਾਕੀ ਲੋਕਾਂ ਵਾਂਗ ਜੈਵਿਕ ਨਹੀਂ, ਉਨ੍ਹਾਂ ਨੂੰ ਈਸ਼ਵਰ ਨੇ ਕਿਸੇ ਮੰਤਵ ਲਈ ਖਾਸ ਤੌਰ ਉੱਤੇ ਦੁਨੀਆ ਵਿੱਚ ਭੇਜਿਆ ਹੈ। ਏਦਾਂ ਦੀ ਗੱਲ ਨੇ ਉਹ ਘਾਟ ਪੂਰੀ ਕਰ ਦਿੱਤੀ, ਜਿਹੜੀ ਉਨ੍ਹਾਂ ਦੀ ਪਹਿਲੀ ਚੋਣ ਵਿੱਚ 'ਹਰ-ਹਰ ਮੋਦੀ, ਘਰ-ਘਰ ਮੋਦੀ' ਵਾਲੀ ਧਾਰਨਾ ਬੰਦ ਕਰਵਾਏ ਜਾਣ ਨਾਲ ਰਹਿ ਗਈ ਸੀ।

ਇਹੋ ਕਾਰਨ ਸੀ ਕਿ ਜਦੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਲਗਾਤਾਰ ਤੀਜੀ ਵਾਰ ਸਰਕਾਰ ਬਣ ਗਈ ਤਾਂ ਕਈ ਚਿੰਤਕਾਂ ਨੇ ਇਹ ਗੱਲ ਕਹਿ ਦਿੱਤੀ ਕਿ ਜਿਹੜਾ ਫਾਰਮੂਲਾ ਪਿਛਲੀਆਂ ਤਿੰਨ ਚੋਣਾਂ ਵਿੱਚ ਸਫਲ ਹੋਣ ਵਾਲਾ ਸਾਬਤ ਹੋਇਆ ਹੈ, ਭਾਜਪਾ ਉਸ ਫਾਰਮੂਲੇ ਨਾਲ ਭਵਿੱਖ ਵਿੱਚ ਹੋਰ ਵੀ ਅੱਗੇ ਵਧੇਗੀ। ਇਸ ਪਿੱਛੋਂ ਭਾਜਪਾ ਦੀ ਕੇਂਦਰ ਸਰਕਾਰ ਏਨੀ ਤੇਜ਼ੀ ਨਾਲ ਅੱਗੇ ਕਦਮ ਵਧਾਏਗੀ, ਇਸ ਦਾ ਅੰਦਾਜ਼ਾ ਕਿਸੇ ਨੂੰ ਨਹੀਂ ਸੀ, ਪਰ ਜਿਨ੍ਹਾਂ ਰਾਜਨੀਤੀ ਖੇਤਰ ਦੇ ਵਿਸ਼ਲੇਸ਼ਕਾਂ ਨੇ ਪੰਜ ਸਾਲ ਪਹਿਲਾਂ ਸਰਕਾਰ ਬਣਦੇ ਸਾਰ ਜੰਮੂ-ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਟੁੱਟਦੀ ਤੇ ਨਾਲ ਹੀ ਉਸ ਰਾਜ ਦੇ ਦੋ ਟੋਟੇ ਹੁੰਦੇ ਯਾਦ ਰੱਖੇ ਸਨ, ਉਹ ਕਹਿੰਦੇ ਸਨ ਕਿ ਭਾਜਪਾ ਦੇਰ ਨਹੀਂ ਕਰਨ ਵਾਲੀ। ਇਹੋ ਹੋਣ ਲੱਗ ਪਿਆ ਅਤੇ ਸਗੋਂ ਕਦੇ-ਕਦੇ ਮਹਿਸੂਸ ਹੁੰਦਾ ਹੈ ਕਿ ਪਹਿਲਾਂ ਨਾਲੋਂ ਵੱਧ ਤੇਜ਼ੀ ਨਾਲ ਹੋਣ ਲੱਗ ਪਿਆ ਹੈ। ਇਸ ਦੇ ਨਾਲ ਭਾਰਤ ਵਿੱਚ ਉਹ ਕਤਾਰਬੰਦੀ ਚਾਰ ਸਾਲ ਅਗੇਤੀ ਹੋਣੀ ਸ਼ੁਰੂ ਹੋ ਗਈ ਹੈ, ਜਿਹੜੀ ਆਮ ਕਰ ਕੇ ਚੋਣਾਂ ਹੋਣ ਵਾਲੇ ਸਾਲ ਤੋਂ ਇੱਕ ਸਾਲ ਪਹਿਲਾਂ ਜਾ ਕੇ ਸ਼ੁਰੂ ਹੋਇਆ ਕਰਦੀ ਹੈ। ਐਨ ਚੋਣਾਂ ਸਮੇਂ ਕੀਤੀ ਗਈ ਏਦਾਂ ਦੀ ਕਤਾਰਬੰਦੀ ਹਾਲਾਤ ਦਾ ਫਿਰਕੂ ਪਾਟਕ ਵਧਾਉਣ ਦਾ ਕੰਮ ਕਰਦੀ ਹੈ, ਪਰ ਜਦੋਂ ਚਾਰ ਸਾਲ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਹੋਵੇ, ਉਸ ਨਾਲ ਅਗਲੀਆਂ ਚੋਣਾਂ ਤੱਕ ਬਾਕੀ ਸਮਾਂ ਇਸ ਦੇਸ਼ ਵਿੱਚ ਸੁਖਾਵਾਂ ਹੋਣ ਦੀ ਆਸ ਰੱਖਣੀ ਔਖੀ ਹੁੰਦੀ ਹੈ। ਪਹਿਲਾਂ ਹੀ ਭਾਰਤ ਵਿੱਚ ਵੱਖ-ਵੱਖ ਥਾਈਂ ਮਸਜਿਦਾਂ ਦੇ ਹੇਠਾਂ ਪੁਰਾਤਨ ਮੰਦਰ ਦੱਬੇ ਹੋਣ ਅਤੇ ਅੱਜ ਦੇ ਮਾਹੌਲ ਵਿੱਚ ਸਰਵੇ ਕਰ ਕੇ ਵਾਪਸ ਦਿਵਾਏ ਜਾਣ ਦੀ ਮੁਹਿੰਮ ਕਈ ਥਾਈਂ ਚਲਾਈ ਜਾ ਰਹੀ ਹੈ ਤੇ ਇਸ ਨਾਲ ਕਈ ਥਾਈਂ ਦੰਗੇ ਹੋਏ ਤੇ ਫਿਰ ਕਰਫਿਊ ਵੀ ਲਾਉਣਾ ਪੈ ਜਾਂਦਾ ਰਿਹਾ ਹੈ ਤਾਂ ਅੱਗੋਂ ਇਹੋ ਜਿਹੇ ਲੋਕ ਹੋਰ ਸਖਤ ਪੈਂਤੜਾ ਵੀ ਲੈ ਸਕਦੇ ਹਨ।

ਸਾਡੇ ਸਾਹਮਣੇ ਹਿੰਦੀ ਦਾ ਪ੍ਰਮੁੱਖ ਅਖਬਾਰ 'ਭਾਸਕਰ' ਪਿਆ ਹੈ, ਜਿਸ ਵਿੱਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੇ ਦੋ ਹੋਰ ਜੱਜਾਂ ਤੋਂ ਬਾਅਦ ਚੌਥੇ ਸੀਨੀਅਰ ਜੱਜ ਜਸਟਿਸ ਅਭੈ ਐੱਸ ਓਕਾ ਵੱਲੋਂ ਕਿਸੇ ਥਾਂ ਕੀਤੀ ਗਈ ਤਕਰੀਰ ਦੀ ਇੱਕ ਰਿਪੋਰਟ ਛਪੀ ਹੈ। 'ਧਾਰਮਿਕ ਤੇ ਜਾਤੀ ਘੱਟ-ਗਿਣਤੀਆਂ ਖਿਲਾਫ ਨਫਰਤੀ ਭਾਸ਼ਣ' ਵਿਸ਼ੇ ਉੱਤੇ ਬੋਲਦੇ ਹੋਏ ਜਸਟਿਸ ਓਕਾ ਨੇ ਕਿਹਾ ਹੈ ਕਿ ਭਾਰਤ ਵਿੱਚ ਨਫਰਤ ਵਾਲੇ ਭਾਸ਼ਣ ਬਹੁਤਾ ਕਰ ਕੇ ਧਾਰਮਿਕ ਘੱਟ-ਗਿਣਤੀਆਂ ਦੇ ਨਾਲ ਪੀੜਤ ਵਰਗਾਂ ਦੇ ਖਿਲਾਫ ਹੀ ਹੁੰਦੇ ਹਨ। ਇਹ ਗੱਲ ਭਾਰਤ ਦੀ ਸੁਪਰੀਮ ਕੋਰਟ ਦੇ ਸੀਨੀਅਰ ਜੱਜ ਸਾਹਿਬ ਨੇ ਕਹੀ ਹੈ, ਜਿਨ੍ਹਾ ਕੋਲ ਆਏ ਦਿਨ ਇਹੋ ਜਿਹੇ ਮਾਮਲੇ ਪੇਸ਼ ਹੁੰਦੇ ਰਹਿੰਦੇ ਹਨ ਤੇ ਜਿਹੜੇ ਇਨ੍ਹਾਂ ਮਾਮਲਿਆਂ ਦੀ ਹਕੀਕਤ ਕਿਸੇ ਵੀ ਹੋਰ ਤੋਂ ਵੱਧ ਜਾਣਦੇ ਹਨ। ਜਸਟਿਸ ਓਕਾ ਨੇ ਇਹ ਵੀ ਕਹਿ ਦਿੱਤਾ ਕਿ 'ਇਹੋ ਜਿਹੇ ਭਾਸ਼ਣ ਭਾਰਤੀ ਨਿਆਂ ਪ੍ਰਣਾਲੀ ਅਤੇ ਲੋਕ-ਪ੍ਰਤੀਨਿਧਤਾ ਕਾਨੂੰਨ ਦੇ ਤਹਿਤ ਅਪਰਾਧ ਹਨ ਤੇ ਇਹ ਵੀ ਕਹਿ ਦਿੱਤਾ ਕਿ 'ਅਦਾਲਤਾਂ ਨੂੰ ਨਫਰਤ ਵਾਲੇ ਭਾਸ਼ਣਾਂ ਬਾਰੇ ਸਖਤੀ ਨਾਲ ਪੇਸ਼ ਆਉਣਾ ਚਾਹੀਦਾ ਹੈ।' ਇਹ ਸਾਰਾ ਕੁਝ ਉਹ ਹੀ ਹੈ, ਜਿਸ ਦੀ ਆਸ ਭਾਰਤ ਦੀ ਸੁਪਰੀਮ ਕੋਰਟ ਦੇ ਮਾਣਯੋਗ ਜੱਜ ਸਾਹਿਬਾਨ ਤੋਂ ਕੀਤੀ ਜਾ ਸਕਦੀ ਹੈ ਤੇ ਉਨ੍ਹਾ ਠੀਕ ਕਿਹਾ ਹੈ, ਪਰ ਦੇਸ਼ ਦੇ ਅਸਲ ਹਾਲਾਤ ਇਹ ਹਨ ਕਿ ਆਮ ਲੋਕਾਂ ਨੂੰ ਰੋਕਣ ਦੀ ਗੱਲ ਬਾਅਦ ਵਿੱਚ, ਦੇਸ਼ ਦੀ ਅਗਵਾਈ

6-April-Sunday.qxd 4/5/2025 11:30 PM Page 4

ਨਾਰੀ ਮਨ ਦੀਆਂ ਪਰਤਾਂ ਫਰੋਲਦੀਆਂ ਸਾਊ ਕੁੜੀਆਂ



ਚਰਚਾ ਇਕ ਪੁਸਤਕ ਦੀ

ਡਾ. ਪਰਮਜੀਤ ਢੀਂਗਰਾ

ਸਾਊ ਕੁੜੀਆਂ

ਐਨੀ ਜ਼ੈਦੀ/ਸਮ੍ਰਿਤੀ ਰਵਿੰਦਰਾ
ਅਨੁ. ਪ੍ਰਕਾਸ਼ ਕੌਰ ਸੰਧੂ
ਪੰਨੇ-228, ਮੁੱਲ-300 ਰੁਪਏ
ਯੂਨੀਸਟਾਰ ਬੁੱਕਸ, ਚੰਡੀਗੜ੍ਹ

ਮਨੁੱਖ ਦੇ ਮੁੱਢ ਦੀ ਕਹਾਣੀ ਨੂੰ ਉਲਟਾ ਕੇ ਦੇਖਣ ਦੀ ਲੋੜ ਹੈ। ਅਦਨ ਬਾਗ ਵਿਚ ਆਦਮ ਤੇ ਹਵਾ ਸਵਰਗੀ ਅਨੰਦ ਮਾਣਦੇ ਦਿਨ ਗੁਜ਼ਾਰ ਰਹੇ ਸਨ, ਪਰ ਸ਼ੈਤਾਨ ਨੇ ਦੋਹਾਂ ਵਿਚ ਵਿੱਥ ਸਿਰਜ ਦਿੱਤੀ। ਜਿਸ ਦਰੱਖਤ ਦਾ ਫਲ ਖਾਣ ਤੋਂ ਹਵਾ ਨੂੰ ਮਨ੍ਹਾਂ ਕੀਤਾ ਗਿਆ ਸੀ, ਸ਼ੈਤਾਨ ਦੇ ਉਕਸਾਵੇ ਵਿਚ ਆ ਕੇ ਉਹਨੇ ਉਹ ਵਰਜਿਤ ਫਲ ਖਾ ਲਿਆ। ਇਹ ਫਲ ਅਸਲ ਵਿਚ ਡੀਜ਼ਾਇਰ ਅਥਵਾ ਇੱਛਾ ਸੀ। ਸ਼ੈਤਾਨ ਕਾਮ ਦੀ ਪ੍ਰਵਿਰਤੀ ਸੀ, ਜੋ ਚਾਹੁੰਦੀ ਸੀ ਕਿ ਉਹਦੀ ਕਾਮਨਾ ਫਲੀਭੂਤ ਹੋਵੇ। ਇਸ ਲਈ ਦੋਹਾਂ ਨੂੰ ਜਦੋਂ ਅਦਨ ਬਾਗ ਵਿੱਚੋਂ ਕੱਢਿਆ ਗਿਆ ਤਾਂ ਦੋਵਾਂ ਦਾ ਰੁਤਬਾ ਬਰਾਬਰ ਸੀ। ਬੜਾ ਲੰਮਾ ਸਮਾਂ ਮਾਤਰੀ ਸੱਤਾ ਨੇ ਦੁਨੀਆ 'ਤੇ ਆਪਣੀ ਪੈਂਠ ਕਾਇਮ ਰੱਖੀ। ਫਦੋਂ ਕੁਲ ਦੀ ਰਵਾਇਤ ਮਾਂ ਦੇ ਨਾਂਅ ਨਾਲ ਚਲਦੀ ਸੀ। ਉਹ ਖਾਨਦਾਨ ਤੇ ਜਾਇਦਾਦ ਦੀ ਮਾਲਕ ਹੁੰਦੀ ਸੀ। ਉਹਦੀ ਵਾਰਿਸ ਉਹਦੀ ਧੀ ਹੁੰਦੀ ਸੀ, ਨਾ ਕਿ ਪੁੱਤਰ। ਪਤੀ ਵਿਆਹ ਤੋਂ ਬਾਅਦ ਪਤਨੀ ਦੇ ਘਰ ਰਹਿੰਦਾ ਸੀ ਤੇ ਕਾਮਿਆਂ ਵਾਂਗ ਕੰਮ ਕਰਦਾ ਸੀ। ਉਹਨੂੰ ਆਪਣੇ ਮਾਂ, ਪਿਓ, ਭੈਣ, ਭਰਾਵਾਂ ਦਾ ਤਿਆਗ ਕਰਕੇ ਪਤਨੀ ਦੇ ਘਰ ਰਹਿਣਾ ਪੈਂਦਾ ਸੀ। ਜੇ ਕੋਈ ਔਰਤ ਆਪਣੇ ਪਤੀ ਨੂੰ ਛੱਡ ਦੇਂਦੀ ਸੀ ਤਾਂ ਉਹਨੂੰ ਵਾਪਸ ਆਪਣੇ ਮਾਪਿਆਂ ਕੋਲ ਚਲੇ ਜਾਣ ਦੀ ਇਜਾਜ਼ਤ ਹੁੰਦੀ ਸੀ।

ਹੌਲੀ-ਹੌਲੀ ਮਾਤਰੀ ਸੱਤਾ ਵਿਚ ਗਿਰਾਵਟ ਆਉਣ ਲੱਗੀ ਤੇ ਪਿੱਤਰੀ ਸੱਤਾ ਨੇ ਉਸ ਨੂੰ ਹਾਸ਼ੀਏ ਵੱਲ ਧੱਕਣਾ ਸ਼ੁਰੂ ਕਰ ਦਿੱਤਾ। ਸ਼ਾਇਦ ਇਹ ਕਬਾਇਲੀ ਸੰਸਕ੍ਰਿਤੀ ਦੀ ਸ਼ੁਰੂਆਤ ਸੀ। ਇਸ ਵਿਚ ਭਾਵੇਂ ਔਰਤਾਂ ਨੂੰ ਕੁਝ ਖੁੱਲ੍ਹਾਂ ਸਨ, ਪਰ ਨਾਲ-ਨਾਲ ਬੰਦਿਸ਼ਾਂ ਵਧਦੀਆਂ ਗਈਆਂ ਤੇ ਉਹਦੇ ਕੋਲੋਂ ਬਰਾਬਰੀ ਵਾਲਾ ਰੁਤਬਾ ਖੁਸਦਾ ਗਿਆ। ਇਸ ਤਰ੍ਹਾਂ ਦੁਨੀਆ ਭਰ ਦੇ ਸੱਭਿਆਚਾਰਾਂ ਵਿਚ ਜਦੋਂ ਸਮਾਜਿਕ ਨੇਮ ਘੜੇ ਗਏ ਤਾਂ ਔਰਤਾਂ ਨੂੰ ਦੋਇਮ ਦਰਜੇ 'ਤੇ ਰੱਖਿਆ ਗਿਆ। ਇਸ ਨਾਲ ਉਹਦੀ ਪੁਜ਼ੀਸ਼ਨ ਹਰ ਕਾਲ ਵਿਚ ਹੇਠਾਂ ਵੱਲ ਖਿਸਕਦੀ ਗਈ।

ਅੱਜ ਜਦੋਂ ਮੁੜ ਨਾਰੀ ਚੇਤਨਾ ਦੀਆਂ ਲਹਿਰਾਂ ਦੁਨੀਆ ਵਿਚ ਚੱਲੀਆਂ ਤਾਂ ਔਰਤਾਂ ਨੂੰ ਉਨ੍ਹਾਂ ਦਾ ਗੁਆਚਿਆ ਰੁਤਬਾ ਤੇ ਪੁਜ਼ੀਸ਼ਨ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਨਾਲ ਉਨ੍ਹਾਂ ਦੇ ਹੱਕਾਂ ਨੂੰ ਕਾਨੂੰਨੀ ਦਰਜਾ ਦੇ ਕੇ ਸਮਾਜਿਕ ਪਾੜੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਗਈ। ਅੱਜ ਭਾਵੇਂ ਹਰ ਸ਼ੋਬੇ ਵਿਚ ਔਰਤਾਂ ਦੀ ਹਿੱਸੇਦਾਰੀ ਵਰਨਣਯੋਗ ਹੈ, ਪਰ ਉਨ੍ਹਾਂ ਨਾਲ ਹੋ ਰਹੇ ਅਨਿਆਂ ਤੇ ਦਮਨ ਵੀ ਘੱਟ ਨਹੀਂ। ਉਨ੍ਹਾਂ ਦੀਆਂ ਸਰੀਰਕ ਲੋੜਾਂ ਤੇ ਮਾਨਸਿਕ ਪੱਧਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਖਾਸ ਕਰਕੇ ਪੱਛੜੇ ਸਮਾਜਾਂ ਵਿਚ ਇਹ ਵਰਤਾਰਾ ਬੜਾ ਪ੍ਰਬਲ ਹੈ। ਉਨ੍ਹਾਂ ਨਾਲ ਜੁੜੀਆਂ ਮਿੱਥਾਂ, ਪੌਰਾਣਕ ਕਥਾ ਕਹਾਣੀਆਂ, ਮਨੂੰ ਸਿਮਰਤੀ ਦੀ ਸੋਚ, ਧਰਮ ਦੇ ਨਾ-ਬਰਾਬਰੀ ਵਾਲੇ ਨੇਮ ਤੇ ਸਦੀਆਂ ਤੋਂ ਚਲੀ ਆ ਰਹੀ ਉਨ੍ਹਾਂ ਪ੍ਰਤੀ ਹੀਣੀ ਸੋਚ ਨੂੰ ਬਦਲਣ ਲਈ ਪਿੱਤਰੀ ਸੱਤਾ ਪੂਰਨ ਰੂਪ ਵਿਚ ਅਜੇ ਵੀ ਤਿਆਰ ਨਹੀਂ।

ਐਨੀ ਜ਼ੈਦੀ ਤੇ ਸਮ੍ਰਿਤੀ ਰਵਿੰਦਰਾ ਦੀ ਕਿਤਾਬ 'ਸਾਊ ਕੁੜੀਆਂ' ਭਾਰਤ ਵਿਚ ਔਰਤਾਂ ਦੀ ਸੋਚ ਤੇ ਉਨ੍ਹਾਂ ਪ੍ਰਤੀ ਰਵੱਈਏ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਵਿਚਲੇ ਬਿਰਤਾਂਤ ਔਰਤ ਪ੍ਰਤੀ ਬਣੀਆਂ ਧਾਰਨਾਵਾਂ ਨੂੰ ਤੋੜਨ ਦਾ ਯਤਨ ਕਰ ਰਹੇ ਹਨ। ਮਸਲਨ ਸਭ ਤੋਂ ਪਹਿਲਾ ਬਿਰਤਾਂਤ ਹੈ-ਸਾਊ ਕੁੜੀਆਂ।

ਭਾਰਤ ਵਿਚ ਸਾਊ ਕੁੜੀ ਦੀ ਪਰਿਭਾਸ਼ਾ ਉਹਦੇ ਕੁਆਰੇਪਨ ਨਾਲ ਜੋੜ ਕੇ ਦੇਖੀ ਜਾਂਦੀ ਹੈ। ਇਸ ਦੇ ਆਰੰਭ ਵਿਚ ਲੇਖਕਾਵਾਂ ਜ਼ਿਕਰ ਕਰਦੀਆਂ ਹਨ-'ਆਓ, ਅਸੀਂ ਇਸ ਗੱਲ ਨਾਲ ਸ਼ੁਰੂ ਕਰੀਏ ਕਿ 'ਸਾਊ' ਹੋਣਾ ਬੁਰੇ ਹੋਣ ਦੇ ਉਲਟ ਨਹੀਂ ਹੈ। ਸਾਊ ਹੋਣ ਦਾ ਸਿੱਧਾ ਅਰਥ ਕਿਸੇ ਦੇ ਗੁਣਾਂ ਤੋਂ ਹੈ ਤੇ ਇਸ ਵਿਚ ਗੁਣਾਂ ਸੰਬੰਧੀ ਕੋਈ ਪਰਖ ਸ਼ਾਮਲ ਨਹੀਂ। ਇਹ ਸਿਰਫ ਵਿਸ਼ੇਸ਼ਤਾਵਾਂ ਨਾਲ ਸੰਬੰਧ ਰੱਖਦਾ ਹੈ ਕਿ ਭਾਰਤੀ ਉਪ-ਮਹਾਂਦੀਪ ਵਿਚ ਆਮ ਤੌਰ 'ਤੇ ਇਕ ਭਾਰਤੀ ਕੁੜੀ ਲਈ ਲੋੜੀਂਦਾ ਵਿਹਾਰ ਕੀ ਹੋਣਾ ਚਾਹੀਦਾ ਹੈ?'

ਔਰਤਾਂ ਦੇ ਵਿਰਜਿਨ ਹੋਣ ਦੀ ਮਿੱਥ ਮੱਧਕਾਲੀ ਜਗੀਰੂ ਸਮਾਜ ਦੀ ਦੇਣ ਹੈ, ਜਿੱਥੇ ਔਰਤ ਨੂੰ ਇਕ ਜਾਇਦਾਦ ਵਾਂਗ ਤਸੱਵਰ ਕੀਤਾ ਜਾਂਦਾ ਸੀ। ਉਹਦੀ ਹੋਣੀ ਆਪਣੇ ਮਰਦ ਦੇ ਸਾਏ ਨਾਲ ਜੁੜੀ ਹੋਈ ਸੀ। ਧਾਰਮਿਕ ਮਾਨਤਾਵਾਂ ਨੇ ਇਸ ਮਿੱਥ ਨੂੰ ਔਰਤ ਦੀ ਪਵਿੱਤਰਤਾ ਨਾਲ ਜੋੜ ਕੇ ਹੋਰ ਬੰਧਨਯੁਕਤ ਬਣਾ ਦਿੱਤਾ। ਅੱਜ ਦੇ ਸਮਾਜ ਵਿਚ ਅਜੇ ਤੱਕ ਇਸ ਮਿੱਥ ਨੂੰ ਲੁਕਵੇਂ ਰੂਪ ਵਿਚ ਦੇਖਿਆ ਜਾਂਦਾ ਹੈ, ਕਿਉਂਕਿ ਹੁਣ ਕੁਆਰ ਪਰਦਾ ਮੱਧਕਾਲ ਵਾਲੀ ਅਹਿਮੀਅਤ ਨਹੀਂ ਰਖਦਾ। ਇਸ ਕਿਤਾਬ ਵਿਚਲਾ ਕੋਦਰੀ ਥੀਮ ਇਸ ਸਾਊਪੁਣੇ ਦੀਆਂ ਪਰਤਾਂ ਖੋਲ੍ਹਣ ਵੱਲ ਰੁਚਿਤ ਹੈ।

ਬਚਪਨ ਵਿਚ ਮੁੰਡੇ-ਕੁੜੀ ਦਾ ਪਾੜਾ ਓਨਾ ਬਲਵਾਨ ਨਹੀਂ ਹੁੰਦਾ, ਜਿੰਨਾ ਜ਼ਿੰਦਗੀ ਦੇ ਅਗਲੇ ਪੜਾਅ 'ਤੇ ਹੋ ਜਾਂਦਾ ਹੈ। ਅਜਨਬੀ ਵਾਲੇ ਬਿਰਤਾਂਤ ਦੀ ਭੂਮਿਕਾ ਵਿਚ ਦਰਜ ਹੈ-'ਕਈ ਵਾਰ ਸਾਡੀਆਂ ਮਾਵਾਂ ਆਖਦੀਆਂ ਕਿ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਤਾਂ ਸੋਚ ਵੀ ਨਹੀਂ ਸਕਦੀ ਕਿ ਅਸੀਂ ਕਿਸ ਤਰ੍ਹਾਂ ਦੇ ਕਰਤਬ ਕਰਿਆ ਕਰਦੀਆਂ ਸਾਂ-ਅਮਰੂਦਾਂ ਦੇ ਦਰੱਖਤਾਂ 'ਤੇ ਚੜ੍ਹਨਾ, ਅੰਬੀਆਂ ਖਾਣੀਆਂ, ਸੋਟੀਆਂ ਲੈ ਕੇ ਏਧਰ-ਓਧਰ ਘੁੰਮਣਾ। ਉਹ ਕਦੇ ਨਾ ਆਖਦੀਆਂ ਕਿ ਮੁੰਡਿਆਂ ਦੇ ਪਿੱਛੇ, ਪਰ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਹ ਜ਼ਰੂਰ ਮੁੰਡੇ ਹੀ ਹੋਣਗੇ। ਜੇਕਰ ਕੋਈ ਕੁੜੀ ਅੰਬਾਂ ਦੇ ਬਾਗ ਵਿਚ ਸਿਰਫ ਕੁੜੀਆਂ ਦਾ ਹੀ ਪਿੱਛਾ ਕਰਦੀ ਹੈ ਤਾਂ ਇਸ ਵਿਚ ਕਰਤਬ ਵਾਲੀ ਕਿਹੜੀ ਗੱਲ ਹੈ?'

ਇਸ ਬਿਰਤਾਂਤ ਵਿਚ ਕੁੜੀਆਂ ਨੂੰ ਜਦੋਂ ਕਾਨਵੈਂਟ ਤੋਂ ਛੁੱਟੀ ਮਿਲਦੀ ਹੈ ਤਾਂ ਉਹ ਇਸ ਅਜ਼ਾਦੀ ਨੂੰ ਆਪਣੇ ਢੰਗ ਨਾਲ ਸੈਲੀਬ੍ਰੇਟ ਕਰਨਾ ਚਾਹੁੰਦੀਆਂ ਹਨ। ਉਹ ਕੁਝ ਅਨਜਾਣ ਮੁੰਡਿਆਂ ਕੋਲੋਂ ਲਿਫਟ ਲੈਂਦੀਆਂ ਹਨ ਤੇ ਇਸ ਗੱਲ ਦਾ ਖਿਆਲ ਰੱਖਦੀਆਂ ਹਨ ਕਿ ਮੁੰਡੇ ਸੋਹਣੇ ਤੇ ਸਮਾਰਟ ਹੋਣ। ਉਨ੍ਹਾਂ ਨਾਲ ਘੁੰਮਦੀਆਂ ਫਿਰਦੀਆਂ ਜਦੋਂ ਸ਼ਾਮ ਨੂੰ ਮਾਰਕੀਟ ਵਿਚ ਖਾਣ-ਪੀਣ ਲਈ ਪਹੁੰਚਦੀਆਂ ਹਨ ਤਾਂ ਅਚਾਨਕ ਉਨ੍ਹਾਂ ਨੂੰ ਫਲ ਖਰੀਦਦੀ ਸਿਸਟਰ ਫਰਾਂਸਿਸ ਨਜ਼ਰ ਆਉਂਦੀ ਹੈ। ਸਿਸਟਰ ਉਨ੍ਹਾਂ ਲਈ ਔਰਤ ਹੁੰਦੀ ਹੋਈ ਵੀ ਪਿੱਤਰੀ ਸੱਤਾ ਤੇ ਧਾਰਮਿਕ ਸੱਤਾ ਦੇ ਚਿੰਨ੍ਹ ਵਜੋਂ ਪ੍ਰਗਟ ਹੁੰਦੀ ਹੈ। ਉਨ੍ਹਾਂ ਨੂੰ ਡਰ ਹੈ ਕਿ ਜੇ ਉਹਨੇ ਮੁੰਡਿਆਂ ਨਾਲ ਫਿਰਦਿਆਂ ਉਨ੍ਹਾਂ ਨੂੰ ਦੇਖ ਲਿਆ ਤਾਂ ਤੂਫਾਨ ਆ ਜਾਏਗਾ ਤੇ ਉਨ੍ਹਾਂ ਦੇ ਬਦਚਲਣ ਹੋਣ ਦਾ ਟੈਗ ਲੱਗ ਜਾਏਗਾ-

'ਕਾਨਵੈਂਟ ਤੋਂ ਕੱਢੇ ਜਾਣ ਜਾਂ ਸਿਰਫ਼ ਕੁਝ ਸਮੇਂ ਲਈ ਮੁਅੱਤਲ ਕੀਤੇ ਜਾਣ ਦਾ ਖਿਆਲ ਬੜਾ ਡਰਾਉਣਾ ਸੀ। ਉਨ੍ਹਾਂ ਦੇ ਘਰ ਨੋਟਿਸ ਭੇਜੇ ਜਾ ਸਕਦੇ ਹਨ। ਰਿਸ਼ਤੇਦਾਰਾਂ ਵਿਚ ਕਹਾਣੀਆਂ ਤੁਰ ਸਕਦੀਆਂ ਹਨ। ਕਰੈਕਟਰ ਸਰਟੀਫਿਕੇਟਾਂ 'ਤੇ ਪੱਕੀ ਮੋਹਰ ਲੱਗ ਜਾਏਗੀ। ਫਿਰ ਕਿਸੇ ਚੰਗੇ ਕਾਲਜ ਵਿਚ ਦਾਖਲਾ ਮਿਲਣਾ ਵੀ ਅਸੰਭਵ ਹੋ ਜਾਏਗਾ । ਨਨਜ਼ ਜ਼ਰੂਰ ਛਿਪਕਲੀ ਦੇ ਪ੍ਰਿੰਟ ਵਾਲੇ ਪਜਾਮਿਆਂ ਤੇ ਸਲੀਵਲੈੱਸ ਕੱਪੜਿਆਂ ਦਾ ਜ਼ਿਕਰ ਕਰਨਗੀਆਂ। ਕੀ ਪਤਾ ਹੋਸਟਲ ਦੀਆਂ ਕੁੜੀਆਂ ਉਨ੍ਹਾਂ ਨੂੰ ਗਸ਼ਤੀਆਂ ਹੀ ਸਮਝਣ ਲੱਗ ਜਾਣ।'

ਇਹ ਸਾਰੀਆਂ ਸੰਭਾਵਨਾਵਾਂ ਹਨ, ਜੋ ਪਿੱਤਰੀ ਸਮਾਜ ਉਨ੍ਹਾਂ ਦੇ ਚਾਲ-ਚਲਣ ਨੂੰ ਲੈ ਕੇ ਨਿਸ਼ਚਿਤ ਕਰਦਾ ਹੈ। ਇਹੀ ਉਹ ਸੋਚ ਹੈ, ਜਿੱਥੇ ਔਰਤ ਦੀ ਅਜ਼ਾਦੀ ਨੂੰ ਦਰੜ ਦਿੱਤਾ ਜਾਂਦਾ ਹੈ ਤੇ ਨਾਲ ਹੀ ਉਹਦੀਆਂ ਖਾਹਿਸ਼ਾਂ ਦਾ ਦਮਨ ਵੀ ਕਰ ਦਿੱਤਾ ਜਾਂਦਾ ਹੈ।

'ਮੁੰਡੇ ਕੁੜੀਆਂ' ਨਾਂਅ ਦੇ ਇਕ ਹੋਰ ਬਿਰਤਾਂਤ ਦੀ ਭੂਮਿਕਾ ਵਿਚ ਦਰਜ ਹੈ-'ਸਾਊ ਕੁੜੀਆਂ ਆਪਣੇ ਪਿਆਰੇ ਨਾਵਾਂ ਦੇ ਨਾਲ। ਪ੍ਰੀਤੀ- ਪ੍ਰੇਮਿਕਾ ਦਾ ਨਾਂਅ। ਦੀਪਤੀ- ਜਗਦਾ ਹੋਇਆ ਦੀਵਾ। ਵੰਦਨਾ, ਸੋਵੀਆ, ਦਿਵਿਆ, ਕੀਰਤੀ-ਜੋ ਉਨ੍ਹਾਂ ਦੇ ਮਾਪੇ ਤੇ ਦਾਦਕੇ ਕੁੜੀਆਂ ਨੂੰ ਵੱਡਾ ਹੋਣ 'ਤੇ ਬਣਾਉਣਾ ਚਾਹੁੰਦੇ ਹਨ, ਇਹ ਨਾਂਅ ਸਤਿਕਾਰ ਦੇ ਜਿਊਂਦੇ-ਜਾਗਦੇ ਰੂਪ ਹਨ। ਵੱਡੇ ਬੇਸ਼ੱਕ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਕੁੜੀਆਂ ਕਿਸੇ ਪ੍ਰਾਰਥਨਾ ਵਾਂਗ, ਰੌਸ਼ਨੀ ਨਾਲ ਚਮਕਦੇ ਹੋਏ ਕਿਸੇ ਬੁੱਧੀਮਾਨ ਪ੍ਰਾਣੀ ਵਾਂਗ ਵੱਡੀਆਂ ਹੋਣ, ਜਿਨ੍ਹਾਂ ਦੀ ਦੂਰ-ਦੂਰ ਤੱਕ ਪ੍ਰਸਿੱਧੀ ਹੋਵੇ, ਪਰ ਕਿੰਨੀ ਦੂਰ ਤੱਕ? ਇਹ ਇਕ ਅਜਿਹਾ ਸਿਲਸਿਲਾ ਹੈ, ਜਿਸ ਤੋਂ ਬਚ ਕੇ ਨਿਕਲਣਾ ਕੋਈ ਚੰਗੀ ਭਾਰਤੀ ਕੁੜੀ ਨਹੀਂ ਜਾਣਦੀ। ਉਹਦਾ ਜਾਣਕਾਰ ਕੌਣ ਹੋ ਸਕਦੈ, ਉਸ ਨੂੰ ਕੌਣ ਬੁਲਾ ਸਕਦੈ, ਇਸ ਗੱਲ ਦੇ ਕੀ ਸਿੱਟੇ ਕੱਢੇ ਜਾ ਸਕਦੇ ਨੇ ਕਿ ਇਕ ਅਜਨਬੀ ਉਹਦੇ ਬਾਰੇ ਕੀ ਕੁਝ ਜਾਣਦਾ ਹੈ-ਭਾਵੇਂ ਸਿਰਫ਼ ਉਹਦਾ ਨਾਂਅ ਹੀ ਹੋਵੇ?'

ਇਹ ਸਾਰਾ ਬਿਰਤਾਂਤ ਅੱਲੜ੍ਹਪੁਣੇ ਦੇ ਆਕਰਸ਼ਨ ਨਾਲ ਜੁੜਿਆ ਹੋਇਆ ਹੈ। ਇਸ ਵਿਚ ਸਕੂਲ ਵਿਚ ਪੜ੍ਹਦੇ ਮੁੰਡੇ-ਕੁੜੀਆਂ ਦੇ ਇਕ ਦੂਜੇ ਵੱਲ ਝੁਕਾਅ ਦਾ ਬਿਰਤਾਂਤ ਹੈ। ਇਹ ਸਾਰੇ ਬਿਰਤਾਂਤ ਕਲਪਿਤ ਹਨ, ਜਦ ਕਿ ਜ਼ਮੀਨੀ ਹਕੀਕਤਾਂ ਬਹੁਤ ਬਦਲ ਚੁੱਕੀਆਂ ਹਨ। ਇਨ੍ਹਾਂ ਦਾ ਪੱਧਰ ਕਈ ਦਹਾਕੇ ਪੁਰਾਣਾ ਜਾਪਦਾ ਹੈ। ਇਹ ਚੇਤਨ ਭਗਤ ਵਾਲੀ ਬਿਰਤੀ ਦੇ ਨਾਵਲਾਂ ਵਰਗੇ ਕਲਪਿਤ ਬਿਰਤਾਂਤ ਹਨ। ਕਿਤੇ-ਕਿਤੇ ਭਾਸ਼ਾ ਵਿਚ ਚਿਣਗ ਹੈ। ਮਸਲਨ ਜਿੱਥੇ ਅੰਗਦ ਨਾਂਅ ਦਾ ਪਾਤਰ ਕੁੜੀ ਨੂੰ ਕੁਝ ਕਹਿਣਾ ਚਾਹੁੰਦਾ ਹੈ, ਪਰ ਕਹਿ ਨਹੀਂ ਸਕਦਾ। ਔਰਤ ਮਰਦ ਦੇ ਰਿਸ਼ਤੇ ਵਿਚਲੀ ਮਿਕਨਾਤੀਸੀ ਖਿੱਚ ਬਾਰੇ ਕੋਈ ਨਹੀਂ ਜਾਣ ਸਕਿਆ। ਇਹੀ ਕਾਰਨ ਹੈ ਕਿ ਹਰ ਤਲ 'ਤੇ ਸਮਝ ਅਧੂਰੀ ਰਹਿ ਜਾਂਦੀ ਹੈ। ਅੰਗਦ ਦਾ ਸਵੈ-ਬਿਆਨ ਇਸ ਸਮਝ ਦੇ ਅਧੂਰੇਪਣ ਨਾਲ ਜੁੜਿਆ ਹੋਇਆ ਹੈ-

'ਸਾਰੀ ਦੁਨੀਆ ਨੂੰ ਉਹਦੇ ਨਾਂਅ ਦਾ ਪਤਾ ਹੋਵੇ, ਕਿਸੇ ਦਾ ਨਾਂਅ ਜਾਣ ਲੈਣਾ ਕੋਈ ਮੁਸ਼ਕਲ ਨਹੀਂ, ਪਰ ਅਸਲ ਵਿਚ ਉਹ ਉਸ ਨੂੰ ਜਾਣਦੇ ਨਹੀਂ ਸਨ।ਕੋਈ ਕਿਸੇ ਨੂੰ ਜਾਣ ਵੀ ਕਿਵੇਂ ਸਕਦਾ ਹੈ? ਮੈਂ ਇਨ੍ਹਾਂ ਮੁੰਡਿਆਂ ਨਾਲ ਹਰ ਰੋਜ਼ ਗੱਲਾਂ ਕਰਦਾ ਹਾਂ, ਅਸੀਂ ਦਿਨ ਵਿਚ ਕਈ-ਕਈ ਘੰਟੇ ਇਕੱਠੇ ਬਿਤਾਉਂਦੇ ਹਾਂ, ਪਰ ਮੈਂ ਉਨ੍ਹਾਂ ਨੂੰ ਨਹੀਂ ਜਾਣਦਾ ਤੇ ਨਾ ਉਹ ਮੈਨੂੰ ਜਾਣਦੇ ਨੇ। ਉਹ ਤਾਂ ਆਪਣੀਆਂ ਮਾਵਾਂ ਤੱਕ ਨੂੰ ਨਹੀਂ ਜਾਣਦੇ। ਮੈਂ ਮੁੰਡਿਆਂ ਨੂੰ ਦੱਸਣਾ ਚਾਹੁੰਦਾ ਸਾਂ ਕਿ ਕਿਸੇ ਕੁੜੀ ਨੂੰ ਅਸਲ ਵਿਚ ਜਾਨਣ ਲਈ ਬੜੀ ਮੁਹਾਰਤ ਦੀ ਲੋੜ ਹੁੰਦੀ ਹੈ। ਸਾਡਾ ਦਿਮਾਗ ਮੋਟਾ ਹੈ, ਜਦੋਂ ਕਿ ਉਨ੍ਹਾਂ ਨੂੰ ਸਮਝਣ ਲਈ ਬਾਰੀਕ ਬੁੱਧ ਦੀ ਲੋੜ ਹੁੰਦੀ ਹੈ। ਅਸੀਂ ਬੇਸਬਰੇ, ਹੱਕ ਜਮਾਉਣ ਵਾਲੇ, ਬੇਪ੍ਰਵਾਹ ਤੇ ਬੇਵਕੂਫ ਕਿਸਮ ਦੇ ਹਾਂ। ਸਾਡੇ ਵੱਲ ਦੇਖੋ, ਜੇ ਕਿਸੇ ਬਾਰੇ ਕੋਈ ਜਾਣਕਾਰੀ ਹੁੰਦੀ ਵੀ ਹੈ ਤਾਂ ਉਹ ਸਿਰਫ਼ ਉਹਦੇ ਨਾਂਅ ਤੱਕ ਸੀਮਤ ਹੈ। ਮੈਂ ਮੁੰਡਿਆਂ ਨੂੰ ਦੱਸਣਾ ਚਾਹੁੰਦਾ ਸਾਂ ਕਿ ਅਸੀਂ ਕਿੰਨੇ ਮੂਰਖ ਹਾਂ। ਏਸੇ ਲਈ ਕੁੜੀਆਂ ਸਾਡੀ ਪਹੁੰਚ ਤੋਂ ਕਿਤੇ ਦੂਰ ਹਨ।'

ਇਹ ਅਸਲ ਵਿਚ ਉਹ ਨਜ਼ਰੀਆ ਹੈ, ਜੋ ਬਰਾਬਰੀ ਦਾ ਰਿਸ਼ਤਾ ਖਤਮ ਹੋਣ ਤੋਂ ਬਾਅਦ ਔਰਤ-ਮਰਦ ਵਿਚ ਪਾੜੇ ਦੇ ਰੂਪ ਵਿਚ ਪਿਆ ਹੈ। ਆਪਣੇ ਬਾਰੇ ਅਜਿਹੀ ਸੋਚ ਪਿੱਤਰੀ ਸੱਤਾ ਦੀਆਂ ਉਨ੍ਹਾਂ ਵਾੜਾਂ ਵਿੱਚੋਂ ਪੈਦਾ ਹੋਈ, ਜਿੱਥੇ ਸਾਂਝ ਘੱਟ ਤੇ ਦੂਰੀ ਜ਼ਿਆਦਾ ਹੈ।

'ਟਾਈਗਰ ਬਾਮ' ਵਾਲੇ ਬਿਰਤਾਂਤ ਵਿਚ ਸੈਕਸ ਦੀ ਅਮੋੜ ਕਾਮਨਾ ਨੂੰ ਕੰਟਰੋਲ ਕਰਨ ਲਈ ਅਜਿਹੀ ਕਹਾਣੀ ਬਿਆਨ ਕੀਤੀ ਹੈ ਜਿੱਥੇ ਸਿੱਧੇ ਰੂਪ ਵਿਚ ਇਜ਼ਹਾਰ ਕਰਨ ਦੀ ਝਿਜਕ ਹੈ। ਇਸ ਦੀ ਭੂਮਿਕਾ ਵਿਚ ਦਰਜ ਹੈ ਕਿ 'ਜੇਕਰ ਤੁਸੀਂ ਕਿਸੇ ਕੁੜੀ ਦਾ ਸਾਹਮਣਾ ਕਾਮ ਵਾਸਨਾ ਨਾਲ ਕਰਦੇ ਹੋ ਤਾਂ ਉਸ ਨੂੰ ਕੀ ਕਰਨਾ ਚਾਹੀਦਾ ਹੈ।ਉਹ ਜਦੋਂ ਘਰੋਂ ਨਿਕਲਦੀ ਹੈ ਤਾਂ ਉਸ ਨੂੰ ਆਪਣੇ ਚਿਹਰੇ ਨੂੰ ਪੱਥਰ ਵਾਂਗ ਭਾਵਹੀਣ ਰੱਖਣਾ ਸਿਖਾਇਆ ਜਾਂਦਾ ਹੈ, ਇੰਜ ਵਿਚਰਨਾ ਜਿਵੇਂ ਉਹ ਅੰਨ੍ਹੀ-ਬੋਲ਼ੀ ਹੋਵੇ। ਇਸ ਹਾਲਤ ਵਿਚ ਕਿਸੇ ਮਰਦ ਨੂੰ ਉਹਦੇ ਸਰੀਰ ਵੱਲ ਧਿਆਨ ਦੇਣਾ ਚਾਹੀਦਾ ਹੈ? ਉਹ ਜਿਸ ਦੀ ਮਾਂ ਨੇ ਉਹਨੂੰ ਇਕ ਜਮਾਤ ਵਿੱਚੋਂ ਕੱਢ ਕੇ ਦੂਸਰੀ ਵਿਚ ਦਾਖਲ ਕਰਵਾ ਦਿੱਤਾ ਸੀ, ਸਿਰਫ਼ ਇਸ ਲਈ ਕਿਉਂਕਿ ਉਹਦਾ ਪੱਕਾ ਦੋਸਤ ਸੱਤਾਂ ਵਰ੍ਹਿਆਂ ਦਾ ਇਕ ਮੁੰਡਾ ਸੀ, ਕੁੜੀ ਨਹੀਂ। ਉਹ ਜੋ ਚੋਰੀ-ਛੁਪੇ ਡੀ.ਐੱਚ. ਲਾਰੈਂਸ ਪੜ੍ਹਦੀ ਹੈ ਤੇ ਅੱਧ-ਨੰਗੇ ਐਕਟਰਾਂ ਦੀਆਂ ਤਸਵੀਰਾਂ ਨਾਲ ਸਜੇ ਮੈਗਜ਼ੀ

6-April-Sunday.qxd 4/5/2025 11:31 PM Page 6

ਅੱਠਵੀਂ 'ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ'

ਬਠਿੰਡਾ-ਅੱਠਵੀਂ 'ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ' ਬੀਤੇ ਦਿਨੀਂ ਸਥਾਨਕ ਟੀਚਰਜ਼ ਹੋਮ ਵਿਖੇ ਕਰਵਾਈ ਗਈ। ਪਹਿਲਾਂ ਹਰ ਸਾਲ ਇਹ ਗੋਸ਼ਟੀ ਪਿੰਡ ਕੇਸਰ ਸਿੰਘ ਵਾਲਾ, ਬਠਿੰਡਾ ਵਿਖੇ ਕਰਵਾਈ ਗਈ। ਦੋ ਦਿਨਾਂ ਇਸ ਗੋਸ਼ਟੀ ਵਿੱਚ ਉੱਘੇ ਕਹਾਣੀਕਾਰਾਂ, ਆਲੋਚਕਾਂ ਤੇ ਸਾਹਿਤਕ ਪ੍ਰੇਮੀਆਂ ਨੇ ਭਾਗ ਲਿਆ। ਇਸ ਗੋਸ਼ਟੀ ਵਿੱਚ ਪੇਸ਼ ਕੀਤੀਆਂ ਕਥਾ ਰਚਨਾਵਾਂ ਦੇ ਵਿਸ਼ੇ ਸ਼ਹਿਰੀ ਮੱਧਵਰਗੀ ਮਾਨਸਿਕਤਾ, ਜਾਇਦਾਦ ਕਾਰਨ ਬਦਲਦੇ ਰਿਸ਼ਤੇ, ਪ੍ਰਵਾਸ ਦੇ ਦੁਰਪ੍ਰਭਾਵ, ਨਸ਼ੇ, ਡੇਰਾਵਾਦ ਆਦਿ ਉੱਪਰ ਆਧਾਰਤ ਸਨ।

ਪਹਿਲੇ ਦਿਨ ਚਰਨਜੀਤ ਸਮਾਲਸਰ ਨੇ ਆਪਣੀ ਕਹਾਣੀ 'ਪੁੜਾਂ 'ਚ ਪਿਸਦੀ ਜ਼ਿੰਦਗੀ' ਪੜ੍ਹੀ, ਜਿਸ 'ਤੇ ਪ੍ਰੋ. ਗੁਰਬਿੰਦਰ ਨੇ ਆਲੋਚਨਾਤਮਕ ਟਿੱਪਣੀਆਂ ਕੀਤੀਆਂ। ਜਸਪਾਲ ਕੌਰ ਵੱਲੋਂ ਪੇਸ਼ ਕਹਾਣੀ 'ਫੈਸਲਾ' 'ਤੇ ਡਾ: ਗੁਰਪ੍ਰੀਤ ਸਿੰਘ ਅਤੇ ਬਲਵਿੰਦਰ ਸਿੰਘ ਬਰਾੜ ਵੱਲੋਂ ਪੜ੍ਹੀ ਕਹਾਣੀ 'ਮੈਡਮ ਦਾ ਕੁੱਤਾ' ਉੱਪਰ ਡਾ: ਹਰੀਸ਼ ਨੇ ਭਖ਼ਵੀਂ ਆਲੋਚਨਾ ਦਾ ਅਰੰਭ ਕੀਤਾ। ਦੂਜੇ ਦਿਨ ਦੇ ਸੈਸ਼ਨ ਵਿੱਚ ਅਲਫਾਜ਼ ਨੇ ਆਪਣੀ ਕਹਾਣੀ 'ਜੈਸਮੀਨ' ਪੇਸ਼ ਕੀਤੀ, ਜਿਸ 'ਤੇ ਪ੍ਰੋ: ਪਰਮਜੀਤ ਨੇ ਆਲੋਚਨਾਤਮਕ ਟਿੱਪਣੀਆਂ ਪੇਸ਼ ਕੀਤੀਆਂ ਅਤੇ ਰਵਿੰਦਰ ਰੁਪਾਲ ਕੌਲਗੜ੍ਹ ਨੇ ਕਹਾਣੀ 'ਮੈਂ ਲਾਸ਼ੇ ਬਨਾਤਾ ਹੂੰ' ਪੜ੍ਹੀ, ਜਿਸ ਉੱਪਰ ਆਲੋਚਨਾ ਦਾ ਆਰੰਭ ਪ੍ਰੋ: ਮਨਜੀਤ ਸਿੰਘ ਨੇ ਕੀਤਾ। ਪੇਸ਼ ਰਚਨਾਵਾਂ 'ਤੇ ਭਖ਼ਵੀਂ ਬਹਿਸ ਹੋਈ, ਜਿਸ ਵਿੱਚ ਕਹਾਣੀਆਂ ਦੇ ਵਿਸ਼ੇ, ਬਣਤਰ ਤੇ ਬੁਣਤਰ, ਨਿਭਾਅ ਆਦਿ ਨੂੰ ਪਰਖਿਆ ਅਤੇ ਸੁਝਾਅ ਵੀ ਪੇਸ਼ ਕੀਤੇ। ਇਸ ਗੋਸ਼ਟੀ ਵਿੱਚ ਨਵਾਂਪਣ ਇਹ ਸੀ ਕਿ ਇਸ ਵਾਰ ਸਾਰੇ ਕਹਾਣੀਕਾਰ ਨਵੇਂ ਸਨ ਅਤੇ ਆਲੋਚਕ ਵੀ ਨੌਜਵਾਨ ਅਤੇ ਉੱਚ ਸਿੱਖਿਆ ਪ੍ਰਾਪਤ ਅਧਿਆਪਕ ਸਨ। ਗੋਸ਼ਟੀ 'ਚ ਭਾਗ ਲੈਣ ਵਾਲੇ ਕਹਾਣੀਕਾਰਾਂ ਦਾ ਸਨਮਾਨ ਵੀ ਕੀਤਾ ਗਿਆ।

ਨਾਵਲਕਾਰ ਜਸਪਾਲ ਮਾਨਖੇੜਾ ਨੇ ਕਿਹਾ ਕਿ ਪੰਜਾਬ ਵਿੱਚ ਦੀਵਾ ਬਲੇ ਸਾਰੀ ਰਾਤ, ਸਮਾਂਨਾਤਰ ਆਦਿ ਗੋਸ਼ਟੀਆਂ ਦੀ ਪਰੰਪਰਾ ਰਹੀ ਹੈ। ਇਹ ਅੱਠਵੀਂ ਚੋਟੀ ਸਰ ਕਰ ਚੁੱਕੀ ਹੈ। ਗੋਸ਼ਟੀ ਸਮਾਗਮ ਦੇ ਮੁੱਖ ਸੰਯੋਜਕ ਹਰਬੰਸ ਸਿੰਘ ਬਰਾੜ ਨੇ ਕਿਹਾ ਕਿ ਕਹਾਣੀ ਗੋਸ਼ਟੀ ਸ਼ੁਰੂ ਕਰਨ ਸਮੇਂ ਰੱਖੀਆਂ ਉਮੀਦਾਂ 'ਤੇ ਖ਼ਰੀ ਉੱਤਰ ਰਹੀ ਹੈ। ਪੇਸ਼ ਕੀਤੀਆਂ ਕਹਾਣੀਆਂ 'ਤੇ ਉਸਾਰੂ ਬਹਿਸ ਕੀਤੀ ਜਾਂਦੀ ਹੈ। ਇਹ ਗੋਸ਼ਟੀ ਨਵੇਂ ਸਾਹਿਤਕਾਰਾਂ ਲਈ ਸਕੂਲ ਦੀ ਭੂਮਿਕਾ ਵੀ ਨਿਭਾਅ ਰਹੀ ਹੈ। ਕਹਾਣੀਕਾਰ ਭੋਲਾ ਸਿੰਘ ਸੈਘੇੜਾ ਨੇ ਕਿਹਾ ਕਿ ਕਹਾਣੀ ਦੀ ਬੁਣਤਰ ਸੰਘਣੀ ਤੇ ਅੰਤ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ। ਕਹਾਣੀਕਾਰ ਅਤਰਜੀਤ ਨੇ ਕਿਹਾ ਕਿ ਕਹਾਣੀਕਾਰ ਉਸ ਸਮੇਂ ਨੂੰ ਆਪਣੀ ਰਚਨਾ ਵਿੱਚ ਜ਼ਰੂਰ ਲਿਆਵੇ, ਜਿਸ ਦੌਰ ਵਿੱਚ ਉਹ ਵਿਚਰ ਰਿਹਾ ਹੈ। ਦਰਸ਼ਨ ਜੋਗਾ ਦਾ ਕਹਿਣਾ ਸੀ ਕਿ ਕਹਾਣੀ ਸ਼ਿਲਪ ਵਿਧਾਨ ਨੂੰ ਚੰਗੀ ਤਰ੍ਹਾਂ ਸਮਝ ਕੇ ਹੀ ਸਿਰਜਣੀ ਚਾਹੀਦੀ ਹੈ ਤੇ ਕਾਹਲ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਭੂਪਿੰਦਰ ਮਾਨ ਨੇ ਕਿਹਾ ਕਿ ਕਹਾਣੀ ਦੀ ਵਿਸ਼ਵਵਿਆਪੀ ਪਹੁੰਚ ਹੋਣਾ ਮਾਣ ਵਾਲੀ ਗੱਲ ਹੈ, ਇਸ ਨਾਲ ਪੰਜਾਬੀ ਦਾ ਦਾਇਰਾ ਵਸੀਹ ਹੋਵੇਗਾ। ਖੁਸ਼ਵੰਤ ਬਰਗਾੜੀ ਤੇ ਪਰਮਜੀਤ ਮਾਨ ਨੇ ਵੀ ਗੋਸ਼ਟੀ 'ਚ ਹਿੱਸਾ ਲਿਆ। ਇਹਨਾਂ ਕਹਾਣੀਆਂ ਉੱਪਰ ਹੋਈ ਚਰਚਾ 'ਚ ਸਰਵਸ੍ਰੀ ਆਗਾਜ਼ਵੀਰ, ਬਲਵਿੰਦਰ ਸਿੰਘ ਭੁੱਲਰ, ਕਾ: ਜਰਨੈਲ ਸਿੰਘ, ਦੀਪ ਦਿਲਵਰ, ਜਸਵਿੰਦਰ ਸੁਰਗੀਤ, ਸੰਦੀਪ ਰਾਣਾ, ਰਮੇਸ਼ ਗਰਗ, ਕਮਲ ਬਠਿੰਡਾ, ਦਮਜੀਤ ਦਰਸ਼ਨ, ਅਮਰਜੀਤ ਮਾਨ, ਮਨਦੀਪ ਡਡਿਆਣਾ, ਰਣਬੀਰ ਰਾਣਾ ਆਦਿ ਨੇ ਵੀ ਭਾਗ ਲਿਆ।

ਕੇਸਰਾ ਰਾਮ ਨੇ ਡਾਇਰੈਕਟਰ ਪੰਜਾਬੀ ਭਵਨ ਨਵੀਂ ਦਿੱਲੀ ਵਜੋਂ ਸੰਭਾਲਿਆ ਅਹੁਦਾ

ਨਵੀਂ ਦਿੱਲੀ : ਪ੍ਰਸਿੱਧ ਕਹਾਣੀਕਾਰ ਕੇਸਰਾ ਰਾਮ ਨੇ ਪੰਜਾਬੀ ਭਵਨ ਨਵੀਂ ਦਿੱਲੀ ਦੇ ਡਾਇਰੈਕਟਰ ਦਾ ਅਹੁਦਾ ਸੰਭਾਲਦਿਆਂ ਕਿਹਾ ਕਿ ਇਸ ਗੌਰਵਸ਼ਾਲੀ ਸੰਸਥਾ ਦਾ ਹਿੱਸਾ ਬਣਨਾ ਮੇਰੇ ਲਈ ਬਹੁਤ

ਵੱਡਾ ਸਨਮਾਨ ਹੈ। ਬਤੌਰ ਸੰਪਾਦਕ, 'ਸਮਕਾਲੀ ਸਾਹਿਤ' ਮੇਰੀ ਕੋਸ਼ਿਸ਼ ਰਹੇਗੀ ਕਿ ਰਸਾਲਾ ਹੋਰ ਵੀ ਜ਼ੋਰ-ਸ਼ੋਰ ਨਾਲ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨੂੰ ਪ੍ਰਫੁੱਲਤ ਕਰੇ, ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰੇ ਅਤੇ ਸਮਕਾਲੀ ਸਾਹਿਤਕ ਤੇ ਸੱਭਿਆਚਾਰਕ ਮੁੱਦਿਆਂ 'ਤੇ ਸਾਰਥਕ ਚਰਚਾ ਛੇੜੇ।

ਉਨ੍ਹਾ ਅੱਗੇ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਖੇਤਰ ਵਿੱਚ ਪੰਜਾਬੀ ਸਾਹਿਤ ਸਭਾ, ਪੰਜਾਬੀ ਭਵਨ, ਨਵੀਂ ਦਿੱਲੀ ਆਪਣਾ ਵਡਮੁੱਲਾ ਯੋਗਦਾਨ ਦੇ ਰਿਹਾ ਹੈ। ਡਾਇਰੈਕਟਰ ਦੇ ਤੌਰ 'ਤੇ ਮੇਰੀ ਪਹਿਲ ਰਹੇਗੀ ਕਿ ਪੰਜਾਬੀ ਭਵਨ ਇਸੇ ਤਰ੍ਹਾਂ ਜੀਵੰਤ ਸੱਭਿਆਚਾਰ ਦਾ ਕੇਂਦਰ ਬਣਿਆ ਰਹੇ। ਵੱਧ ਤੋਂ ਵੱਧ ਸਾਹਿਤਕ ਗਤੀਵਿਧੀਆਂ, ਗੋਸ਼ਟੀਆਂ, ਸੈਮੀਨਾਰ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਦੇ ਰਹਾਂਗੇ ਤਾਂ ਕਿ ਲੇਖਕਾਂ, ਪਾਠਕਾਂ, ਯੂਨੀਵਰਸਿਟੀਆਂ ਵਿੱਚ ਅਧਿਐਨ ਕਰ ਰਹੇ ਖੋਜਾਰਥੀ ਅਤੇ ਸਾਹਿਤ ਪ੍ਰੇਮੀਆਂ ਨੂੰ ਇੱਕ ਸਾਂਝੇ ਮੰਚ 'ਤੇ ਆ ਕੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦੇ ਮੌਕੇ ਮਿਲਣ।

ਇਸ ਮੌਕੇ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ ਨੇ ਕਿਹਾ ਕਿ ਕੇਸਰਾ ਰਾਮ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਹਨ। ਇਨ੍ਹਾਂ ਦੇ ਪੰਜ ਕਹਾਣੀ ਸੰਗ੍ਰਹਿ ਤੇ ਇਕ ਨਾਵਲ ਸਮੇਤ ਦੋ ਦਰਜਨ ਪੁਸਤਕਾਂ ਪ੍ਰਕਾਸ਼ਤ ਹਨ। ਇਨ੍ਹਾਂ ਦੀਆਂ ਪੁਸਤਕਾਂ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਪੜ੍ਹਾਈਆਂ ਜਾਂਦੀਆਂ ਹਨ ਅਤੇ ਐੱਮ. ਫਿਲ, ਪੀ.ਐੱਚ.ਡੀ ਲਈ ਖੋਜ ਕਾਰਜ ਵੀ ਹੋਏ ਹਨ। ਹਰਿਆਣਾ ਤੇ ਰਾਜਸਥਾਨ ਸਰਕਾਰ ਦੀਆਂ ਅਕਾਦਮੀਆਂ ਵੱਲੋਂ ਪੁਰਸਕ੍ਰਿਤ ਅਤੇ ਸਾਲ 2020 ਦਾ ਢਾਹਾਂ ਪੁਰਸਕਾਰ ਜੇਤੂ ਹਨ। ਉਨ੍ਹਾਂ ਕੇਸਰਾ ਰਾਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਨੂੰ ਖ਼ੁਸ਼ੀ ਅਤੇ ਮਾਣ ਹੈ ਕਿ ਕੇਸਰਾ ਰਾਮ ਨੇ ਇਹ ਅਹੁਦਾ ਸੰਭਾਲਿਆ ਹੈ। ਉਨ੍ਹਾਂ ਦਾ ਸਾਰੇ ਸਟਾਫ ਨਾਲ ਪ੍ਰੀਚੈ ਕਰਵਾਇਆ। ਇਸ ਮੌਕੇ ਸਭਾ ਦੇ ਖ਼ਜ਼ਾਨਚੀ ਹਰਵਿੰਦਰ ਸਿੰਘ ਭਾਟੀਆ, ਡਾ. ਅਮਨਦੀਪ ਸਿੰਘ ਅਤੇ ਸਟਾਫ ਮੌਜੂਦ ਸੀ।

'ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਅਜੋਕਾ ਸੰਦਰਭ' ਵਿਸ਼ੇ 'ਤੇ ਸੈਮੀਨਾਰ

ਹੁਸ਼ਿਆਰਪੁਰ-ਇੱਥੇ ਸੱਭਿਆਚਾਰ ਸੰਭਾਲ ਸੁਸਾਇਟੀ, ਹੁਸ਼ਿਆਰਪੁਰ ਵਲੋਂ ਸਾਧੂ ਆਸ਼ਰਮ ਦੇ ਲਾਇਬ੍ਰੇਰੀ ਹਾਲ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅੱਜੋਕਾ ਸੰਦਰਭ" ਵਿਸ਼ੇ ਤੇ ਸੈਮੀਨਾਰ ਅਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਅਮਰਜੀਤ ਸਿੰਘ ਥਿਆੜਾ ਨੇ ਕਿਹਾ ਕਿ ਸਾਨੂੰ ਸ਼ਹੀਦਾਂ ਵਲੋਂ ਜਿਹੜੀ ਜ਼ਿੰਮੇਦਾਰੀ ਸੌਂਪੀ ਗਈ ਹੈ, ਸਾਨੂੰ ਮਿਲ ਕੇ ਪੂਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਸ਼ਹੀਦਾਂ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ। ਸੰਜੀਵ ਤਲਵਾੜ, ਡਾਕਟਰ ਅਜੈ ਬੱਗਾ, ਦੀਪਕ ਵਸ਼ਿਸ਼ਠ, ਅਰਚਨਾ ਅਗਰਵਾਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਸੰਚਾਲਨ ਡਾ. ਧਰਮਪਾਲ ਸਾਹਿਲ ਅਤੇ ਹਰਬੰਸ ਸਿੰਘ ਕਮਲ ਵੱਲੋਂ ਕੀਤਾ ਗਿਆ। ਪ੍ਰਸਿੱਧ ਸਾਹਿਤਕਾਰ ਡਾ. ਸਾਹਿਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਤ ਸਾਹਿਤ ਪੜ੍ਹ ਕੇ, ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝ ਕੇ ਉਸ ਨੂੰ ਮੌਜੂਦਾ ਦੌਰ ਵਿੱਚ ਅਮਲੀ ਰੂਪ ਵਿੱਚ ਲਿਆਉਣ 'ਤੇ ਜ਼ੋਰ ਦਿੱਤਾ।

ਇਸ ਮੌਕੇ ਕਵਿਤਰੀ ਸੁਖਦੇਵ ਕੌਰ ਚਮਕ, ਰਸ਼ਪਾਲ ਦੇਵੀ, ਹੰਸ ਰਾਜ ਰਾਹੀ, ਜੀਵਨ ਜਸਵਾਲ, ਹਰਬੰਸ ਸਿੰਘ ਕਲਸੀ, ਰੰਜੀਵ ਤਲਵਾੜ, ਪ੍ਰੋ. ਗੁਰਬਚਨ ਸਿੰਘ, ਡਾ. ਕਨਹਈਆ ਲਾਲ ਪਰਾਸ਼ਰ, ਡਾ. ਭੁਪਿੰਦਰ ਸਿੰਘ ਸਹਿਤ ਵੱਡੀ ਗਿਣਤੀ ਵਿੱਚ ਬੁੱਧੀਜੀਵੀਆਂ ਅਤੇ ਕਾਲਜ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਪਰਵਾਜ਼-ਏ-ਨੀਨੂ ਹੋਈ ਲੋਕ ਅਰਪਣ

ਚੰਡੀਗੜ੍ਹ-ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਵਿਖੇ ਕਰਵਾਏ ਗਏ ਇਕ ਸਮਾਗਮ ਵਿੱਚ ਉੱਘੀ ਲੇਖਿਕਾ ਡਾ. ਨੀਨਾ ਸੈਣੀ ਦੀ ਜੀਵਨੀ ਪਰਵਾਜ਼-ਏ-ਨੀਨੂ ਲੋਕ ਅਰਪਿਤ ਕੀਤੀ ਗਈ ਅਤੇ ਇਸ 'ਤੇ ਭਰਵੀਂ ਵਿਚਾਰ ਚਰਚਾ ਹੋਈ। ਪ੍ਰਭਜੋਤ ਕੌਰ ਜੋਤ ਵੱਲੋਂ ਲਿਖੀ ਇਸ ਜੀਵਨੀ ਦੇ ਰਿਲੀਜ਼ ਸਮਾਰੋਹ ਮੌਕੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਵਜੋਂ

ਗਾਇਕ ਸੂਫ਼ੀ ਬਲਬੀਰ, ਜਸਵੀਰ ਰਾਣਾ, ਯਤਿੰਦਰ ਕੌਰ ਮਾਹਲ, ਡਾ. ਨੀਨਾ ਸੈਣੀ, ਪ੍ਰਭਜੋਤ ਕੌਰ ਜੋਤ, ਦੀਪਕ ਸ਼ਰਮਾ ਚਨਾਰਥਲ, ਭੂਪਿੰਦਰ ਸਿੰਘ ਮਲਿਕ, ਅਜੀਤ ਸਿੰਘ ਧਨੋਤਾ ਅਤੇ ਉਹਨਾਂ ਦੇ ਪਰਵਾਰ ਦੇ ਹੋਰ ਮੈਂਬਰਾਂ ਨੇ ਸ਼ਿਰਕਤ ਕੀਤੀ।ਪੁਸਤਕ ਬਾਰੇ ਪਰਚਾ ਪੜ੍ਹਦਿਆਂ ਯਤਿੰਦਰ ਕੌਰ ਮਾਹਲ ਨੇ ਇਸ ਨੂੰ ਨੀਨਾ ਸੈਣੀ ਦੇ ਸੰਘਰਸ਼ਮਈ ਜੀਵਨ ਦਾ ਵੱਡਮੁੱਲਾ ਦਸਤਾਵੇਜ਼ ਦੱਸਿਆ। ਜਸਵੀਰ ਰਾਣਾ ਨੇ ਕਿਹਾ ਕਿ ਇਸ ਜੀਵਨੀ ਦਾ ਇਹ ਹੀ ਸਾਰ ਹੈ ਕਿ ਜੇ ਹਿੰਮਤ ਨਾ ਹਾਰੀ ਜਾਵੇ ਤਾਂ ਜ਼ਿੰਦਗੀ 'ਚ ਸਭ ਮੁਮਕਿਨ ਹੋ ਨਿਬੜਦਾ ਹੈ। ਲੇਖਿਕਾ ਪ੍ਰਭਜੋਤ ਕੌਰ ਜੋਤ ਨੇ ਕਿਹਾ ਕਿ ਰਿਸ਼ਤਿਆਂ ਨੂੰ ਸੰਭਾਲ ਕੇ ਰੱਖਣ ਦੀ ਕਲਾ ਨੀਨਾ ਸੈਣੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।ਸੁਰਜੀਤ ਧੀਰ, ਅਵਤਾਰ ਸਿੰਘ ਪਤੰਗ, ਦੀਪਕ ਸ਼ਰਮਾ ਨੇ ਵੀ ਪੁਸਤਕ ਦੀਆਂ ਖੂਬੀਆਂ ਬਾਰੇ ਵਿਚਾਰ ਪ੍ਰਗਟ ਕੀਤੇ। ਧੰਨਵਾਦੀ ਸ਼ਬਦ ਅਜੀਤ ਸਿੰਘ ਧਨੋਤਾ ਨੇ ਕਹੇ।

ਸਤਨਾਮ ਸ਼ੋਕਰ ਤੇ ਪਰਦੀਪ ਸਿੰਘ ਨੂੰ 'ਪਾਠਕ ਪੁਰਸਕਾਰ' ਪ੍ਰਦਾਨ

ਜਲੰਧਰ-ਬੀਤੇ ਦਿਨੀਂ ਅਦਾਰਾ 'ਕਹਾਣੀ ਧਾਰਾ' ਤੇ ਪੰਜਾਬੀ ਸਾਹਿਤਕ, ਸੱਭਿਆਚਾਰਕ ਵਿਚਾਰ ਮੰਚ ਸਰੀ ਵੱਲੋਂ ਵਿਰਸਾ ਵਿਹਾਰ ਜਲੰਧਰ ਵਿਖੇ ਸਤਨਾਮ ਸਿੰਘ ਸ਼ੋਕਰ ਤੇ ਪਰਦੀਪ ਸਿੰਘ ਨੂੰ ਨਗਦ ਰਾਸ਼ੀ, ਸਨਮਾਨ ਪੱਤਰ ਤੇ ਛੇ ਹਜ਼ਾਰ ਦੀਆਂ ਕਿਤਾਬਾਂ ਨਾਲ 'ਪਾਠਕ ਪੁਰਸਕਾਰ' ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿੱਚ ਪੁਰਸਕਾਰ ਦੇ ਸੰਚਾਲਕ ਅਮਰਜੀਤ ਚਾਹਲ ਤੇ ਸਰਬਜੀਤ ਹੁੰਦਲ ਨੇ ਕਿਹਾ ਕਿ ਅਸੀਂ ਪੰਜਾਬ ਸਾਹਿਤ ਦੇ ਪਾਠਕ ਪੈਦਾ ਕਰਨ ਤੇ ਲੇਖਕ ਪਾਠਕ ਦਾ ਰਿਸ਼ਤਾ ਹੋਰ ਪੀਡਾ ਕਰਨ ਲਈ ਇਹ ਪੁਰਸਕਾਰ ਸ਼ੁਰੂ ਕੀਤਾ ਹੈ। ਪੁਰਸਕਾਰ ਵਿਜੇਤਾ ਸਤਨਾਮ ਸ਼ੋਕਰ ਨੇ ਕਿਹਾ ਕਿ ਮੈਨੂੰ ਇਕ ਚੰਗਾ ਇਨਸਾਨ ਕਿਤਾਬਾਂ ਨੇ ਹੀ ਬਣਾਇਆ ਹੈ। ਕਿਤਾਬਾਂ ਹੀ ਇਕ ਪਾਠਕ ਨੂੰ ਚੰਗਾ ਮਨੁੱਖ ਬਣਾਉਂਦੀਆਂ ਹਨ। ਦੂਜੇ ਵਿਜੇਤਾ ਪਰਦੀਪ ਸਿੰਘ ਨੇ ਕਿਹਾ ਕਿ ਜੇ ਕਿਸੇ ਨੇ ਮੇਰੀ ਜ਼ਿੰਦਗੀ ਬਦਲੀ ਹੈ ਤਾਂ ਉਹ ਕਿਤਾਬਾਂ ਨੇ ਬਦਲੀ ਹੈ। ਕਿਤਾਬਾਂ ਲਿਖਣ ਵਾਲੇ ਲੇਖਕ ਇਨਕਲਾਬ ਦਾ ਮੁੱਢ ਬੰਨ੍ਹਦੇ ਨੇ। ਮੈਨੂੰ ਅੱਜ ਏਥੇ ਆ ਕੇ ਪਤਾ ਲੱਗਾ ਕਿ ਪਾਠਕ ਬੜੀ ਮਹਾਨ ਚੀਜ਼ ਹੁੰਦੇ ਨੇ। ਇਹ ਪੁਰਸਕਾਰ ਸਾਨੂੰ ਦੋ ਜਣਿਆਂ ਨੂੰ ਨਹੀਂ, ਬਲਕਿ ਪੂਰੇ ਪੰਜਾਬੀ ਪਾਠਕ ਵਰਗ ਨੂੰ ਇਹ ਸਨਮਾਨ ਮਿਲਿਆ ਹੈ। ਸਨਮਾਨਤ ਪਾਠਕਾਂ ਨੂੰ ਦਿੱਤੇ ਜਾਣ ਵਾਲੇ ਸਨਮਾਨ ਪੱਤਰ ਕ੍ਰਮਵਾਰ ਰਕੇਸ਼ ਆਨੰਦ ਤੇ ਸਰੋਜ ਨੇ ਪੜ੍ਹੇ।

'ਪੁਸਤਕ ਸੱਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ' 'ਤੇ ਡਾ. ਬਲਦੇਵ ਸਿੰਘ 'ਬੱਦਨ' ਤੇ ਪ੍ਰੋ. ਸੁਰਜੀਤ ਜੱਜ ਨੇ ਵਿਸ਼ੇਸ਼ ਭਾਸ਼ਣ ਦਿੱਤੇ। ਡਾ. ਬੱਦਨ ਨੇ ਆਪਣੇ ਭਾਸ਼ਣ ਵਿੱਚ ਪੁਸਤਕ ਕਲਚਰ ਬਾਰੇ ਖੁੱਲ੍ਹ ਕੇ ਗੱਲਾਂ ਕਰਦਿਆਂ ਪ੍ਰਕਾਸ਼ਕਾਂ ਦੀ ਲੁੱਟ, ਪੁਸਤਕਾਂ ਦੀ ਥੋਕ ਖਰੀਦ-ਵੇਚ ਦਾ ਸੰਕਟ ਅਤੇ ਪੁਸਤਕਾਂ ਦੇ ਮਹੱਤਵ ਬਾਰੇ ਵਿਸਥਾਰ ਨਾਲ ਹਵਾਲਿਆਂ ਸਹਿਤ ਚਰਚਾ ਕੀਤੀ। ਦੂਜੇ ਬੁਲਾਰੇ ਪ੍ਰੋ. ਸੁਰਜੀਤ ਜੱਜ ਨੇ ਆਪਣੇ ਭਾਸ਼ਣ ਵਿੱਚ ਸੱਤਾ ਪ੍ਰਾਪਤ ਸਰਕਾਰਾਂ ਨੂੰ ਲੰਮੇ ਹੱਥੀਂ ਲਿਆ, ਜੋ ਲਾਇਬਰੇਰੀਆਂ ਨੂੰ ਤਬਾਹ ਕਰਨ ਲੱਗੀਆਂ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਤਾਬੀ ਕਲਚਰ ਪੈਦਾ ਕਰਨ ਲਈ ਪੜ੍ਹਨ, ਲਿਖਣ ਤੇ ਕਿਤਾਬਾਂ ਛਾਪਣ ਵਾਲਿਆਂ ਨੂੰ ਅੱਗੇ ਆਉਣਾ ਪਵੇਗਾ ਤਾਂ ਹੀ ਪੁਸਤਕ ਕਲਚਰ ਉਸਰ ਸਕੇਗਾ। ਕਿਤਾਬਾਂ ਲੋਕ ਲਹਿਰਾਂ ਪੈਦਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਮੰਨਿਆ ਕਿ ਚੰਗੀਆਂ ਕਿਤਾਬਾਂ ਦੀ ਛਪਣ ਤੇ ਵਿਕਣ ਗਿਣਤੀ ਵਧੀ ਹੈ। ਪੁਰਸਕਾਰ ਕਨਵੀਨਰ ਤੇ ਮੰਚ ਸੰਚਾਲਕ ਭਗਵੰਤ ਰਸੂਲਪੁਰੀ ਨੇ 'ਪਾਠਕ ਪੁਰਸਕਾਰ' ਦੀ ਚੋਣ ਵਿਧੀ, ਉਨ੍ਹਾਂ ਦੇ ਨਿਯਮ ਤੇ ਸ਼ਰਤਾਂ ਬਾਰੇ ਵਿਸਥਾਰ ਨਾਲ ਦੱਸਿਆ ਤੇ ਦੋ ਸਨਮਾਨਤ ਪਾਠਕਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਕਿ ਉਹ ਕਿਸ ਤਰ੍ਹਾਂ ਦੀਆਂ, ਕਿਵੇਂ ਤੇ ਕਿਉਂ ਕਿਤਾਬਾਂ ਪੜ੍ਹਦੇ ਹਨ। ਇਹ ਪਾਠਕ ਤਿੰਨ ਤੋਂ ਚਾਰ ਦਹਾਕਿਆਂ ਤੋਂ ਕਿਤਾਬਾਂ ਪੜ੍ਹਦੇ ਆ ਰਹੇ ਹਨ

ਚੋਣਵੀਆਂ ਮਿੰਨੀ ਕਹਾਣੀਆਂ

ਮੈਂ ਡਾਕਟਰ ਕਿਵੇਂ ਬਣੀ

'ਦਾਦੀ ਮਾਂ ਜੀ ਤੁਸੀਂ ਤਾਂ ਮੈਨੂੰ ਹਮੇਸ਼ਾ ਹੀ ਯੋਨੀ-ਯੋਨੀ ਯੈੱਸ ਪਾਪਾ ਜਾਂ ਟਵਿੰਕਲ-ਟਵਿੰਕਲ ਲਿਟਲ ਸਟਾਰ ਹੀ ਸਿਖਾਉਂਦੇ ਰਹਿੰਦੇ ਹੋ, ਆਹ ਵੇਖੋ ਟੀਵੀ 'ਤੇ ਚੱਲ ਰਹੀ ਫ਼ਿਲਮ ਵਿਚ ਛੋਟੇ ਬੱਚਿਆਂ ਨੂੰ ਉਨ੍ਹਾਂ ਦੀ ਦਾਦੀ ਮਾਂ ਕਿੰਨੀਆਂ ਬਹਾਦਰੀ ਭਰੀਆਂ ਕਹਾਣੀਆਂ ਸੁਣਾ ਰਹੇ ਹਨ ਤੇ ਉਹ ਬੱਚੇ ਵੀ ਬੜੇ ਧਿਆਨ ਨਾਲ ਦਾਦੀ ਮਾਂ ਦੇ ਨਾਲ ਲੱਗ ਕੇ ਕਹਾਣੀਆਂ ਸੁਣ ਰਹੇ ਹਨ।' ਇਹ ਮੇਰੇ ਨਿੱਕੇ ਹੁੰਦਿਆਂ ਦੇ ਬੋਲ ਸਨ, ਜੋ ਮੈਨੂੰ ਬਾਅਦ ਵਿਚ ਮੇਰੀ ਦਾਦੀ ਨੇ ਦੱਸੇ ਸਨ।

ਸ਼ਾਇਦ ਦਾਦੀ ਮਾਂ ਨੇ ਆਪਣੀ ਅੱਠ-ਦਸ ਸਾਲ ਦੀ ਪੋਤਰੀ ਤੋਂ ਇਹ ਸੁਣ ਕੇ ਆਪਣੇ ਆਪ ਵਿਚ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ ਤੇ ਉਸ ਨੇ ਉਸ ਦਿਨ ਤੋਂ ਹੀ ਮੈਨੂੰ ਸਿੱਖ ਇਤਿਹਾਸ ਨਾਲ ਜੁੜੀਆਂ ਕਹਾਣੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਮੇਰੇ ਮਨ ਵਿਚ ਸਿੱਖ ਇਤਿਹਾਸ ਬਾਰੇ ਜਾਨਣ ਦੀ ਰੁਚੀ ਵਧਦੀ ਗਈ।ਮੈਂ ਮੁਢਲੀ ਪੜ੍ਹਾਈ ਕਰਕੇ ਬੀ ਏ, ਐੱਮ ਏ ਕਰਨ ਤੋਂ ਬਾਅਦ ਸਿੱਖ ਇਤਿਹਾਸ 'ਤੇ ਹੀ ਪੀ ਐੱਚ ਡੀ ਕਰ ਲਈ।

ਅੱਜ ਮੈਂ ਡਾਕਟਰ ਹਰਮੀਤ ਕੌਰ ਦੇ ਨਾਂਅ ਨਾਲ ਜਾਣੀ ਜਾ ਰਹੀ ਹਾਂ ਅਤੇ ਇਕ ਧਾਰਮਿਕ ਯੂਨੀਵਰਸਿਟੀ ਵਿਚ ਬਤੌਰ ਪ੍ਰੋਫੈਸਰ ਸਿੱਖ ਇਤਿਹਾਸ ਪੜ੍ਹਾ ਰਹੀ ਹਾਂ।

ਮੈਂ, ਡਾਕਟਰ ਹਰਮੀਤ ਕੌਰ ਦੀ ਸੋਸ਼ਲ ਮੀਡੀਆ 'ਤੇ ਇਹ ਸਾਰੀ ਕਹਾਣੀ ਸੁਣ ਕੇ ਕਿ 'ਮੈਂ ਡਾਕਟਰ ਕਿਵੇਂ ਬਣੀ' ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇਕਰ ਸਾਡੀਆਂ ਸਭ ਦੀਆਂ ਦਾਦੀਆਂ, ਨਾਨੀਆਂ ਅਤੇ ਮਾਵਾਂ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਅਜਿਹਾ ਕੁਝ ਜਾਨਣ ਦੀ ਚੇਟਕ ਆਪ ਲਗਾ ਦੇਣ ਤਾਂ ਸਿੱਖ ਕੌਮ ਦੇ ਇਤਿਹਾਸ ਨੂੰ ਕਦੇ ਕੋਈ ਖਤਰਾ ਨਹੀਂ ਹੋ ਸਕਦਾ।

—ਪ੍ਰਤਾਪ ਪਾਰਸ, ਗੁਰਦਾਸਪੁਰੀ

ਜਵਾਬ

ਮੱਖਣ ਸਿੰਘ ਮੁੱਖ ਅਫਸਰ ਥਾਣਾ ਤਫਤੀਸ਼ੀ ਅਫਸਰਾਂ ਦੀ ਕਰਾਇਮ ਮੀਟਿੰਗ ਕਰਦਾ ਹੈ।ਮੈਨੂੰ ਜ਼ਿਆਦਾਤਰ ਅਫਸਰਾਂ ਵੱਲੋਂ ਕਰਾਇਮ ਮੀਟਿੰਗ ਵਿੱਚ ਬਹੁਤ ਝਾੜ ਪਈ ਹੈ ਕਿ ਤੁਹਾਡੇ ਇਲਾਕੇ 'ਚ ਨਸ਼ਾ ਵਿਕ ਰਿਹਾ ਹੈ। ਇਸ 'ਤੇ ਕੰਟਰੋਲ ਕੀਤਾ ਜਾਵੇ, ਨਹੀਂ ਤਾਂ ਆਪ ਦੇ ਖਿਲਾਫ ਮਹਿਕਮਾ ਇਨਕੁਆਰੀ ਕੀਤੀ ਜਾਵੇਗੀ।ਇਸ ਲਈ ਸਾਰੇ ਤਫਤੀਸ਼ੀਆਂ ਨੂੰ ਹਦਾਇਤ ਕੀਤੀ ਕਿ ਉਹ ਵੱਧ ਤੋਂ ਵੱਧ ਨਸ਼ਿਆਂ ਦੇ ਮੁਕੱਦਮੇ ਦਰਜ ਕਰ ਪਾਂਡੀਆਂ ਤੇ ਨਸ਼ੇਈਆਂ ਨੂੰ ਫੜਨ ਦੀ ਬਜਾਏ ਵੱਡੇ ਸਮੱਗਲਰਾਂ ਨੂੰ ਫੜਨ। ਜੋ ਮੁੱਖ ਅਫਸਰ ਦੀ ਹਦਾਇਤ ਤੇ ਤਫਤੀਸ਼ੀਆਂ ਨੇ ਦੂਸਰੇ ਥਾਣਿਆਂ ਤੋਂ ਸਭ ਤੋਂ ਵੱਧ ਮੁਕੱਦਮੇ ਦਰਜ ਕਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਤੇ ਨਸ਼ੇ ਦੀ ਰਿਕਵਰੀ ਕੀਤੀ। ਜੋ ਸਾਹਿਬ ਨੇ ਕਰਾਇਮ ਡਾਇਰੀ ਦੇਖ ਖੁਸ਼ ਹੋ ਕੇ ਮੁੱਖ ਅਫਸਰ ਮੱਖਣ ਸਿੰਘ ਦੀ ਕਾਰਕਰਦਗੀ ਦੇਖ ਥਾਣੇ ਦਾ ਦੌਰਾ ਕੀਤਾ।ਜੋ ਨਸ਼ੇਈਆਂ ਦੀਆਂ ਪਤਨੀਆਂ, ਮਾਂਵਾਂ ਜਿਨ੍ਹਾਂ ਦੇ ਬੱਚਿਆਂ ਨੂੰ ਮੁੱਖ ਅਫਸਰ ਨੇ ਗ੍ਰਿਫਤਾਰ ਕੀਤਾ ਸੀ, ਸਾਹਿਬ ਦੇ ਦੌਰੇ ਦੀ ਖ਼ਬਰ ਸੁਣ ਆ ਗਈਆਂ। ਸਾਹਿਬ ਦੇ ਪੇਸ਼ ਹੋ ਉਨ੍ਹਾਂ ਨੂੰ ਛੱਡਣ ਲਈ ਬੇਨਤੀ ਕੀਤੀ। ਸਾਹਿਬ ਨੇ ਕਿਹਾ ਮੈਂ ਨਹੀਂ ਛੱਡ ਸਕਦਾ ਤੁਸੀਂ ਆਪਣੀ ਚਾਰਾਜੋਈ ਅਦਾਲਤ ਵਿੱਚ ਕਰੋ। ਇਸ 'ਤੇ ਇੱਕ ਬਜ਼ੁਰਗ ਔਰਤ ਨੇ ਰੋਂਦੇ ਹੋਏ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰਾ ਪੁੱਤ ਨਸ਼ੇ ਬਗੈਰ ਮਰ ਜਾਵੇਗਾ।ਮੈਨੂੰ ਇੱਕ ਪੁੜੀ ਲਿਆਉਣ ਦੀ ਇਜਾਜ਼ਤ ਦੇਵੋ। ਸਾਹਿਬ ਨੇ ਬੀਬੀ ਨੂੰ ਹੈਰਾਨ ਹੋ ਕੇ ਕਿਹਾ, ਬੀਬੀ ਤੂੰ ਕਿੱਥੋਂ ਪੁੜੀ ਲਿਆਵੇਂਗੀ।ਬੀਬੀ ਨੇ ਕਿਹਾ, ਖ਼ਾਕੀ ਤੇ ਖਾਧੀ ਦੀ ਮਿਲੀਭੁਗਤ ਨਾਲ ਸ਼ਰੇਆਮ ਸਾਡੇ ਪਿੰਡ 'ਚ ਨਸ਼ਾ ਵਿਕ ਰਿਹਾ ਹੈ। ਜੇ ਫੜਨਾ ਹੈ ਤੇ ਵੱਡੇ ਸਮੱਗਲਰਾਂ ਨੂੰ ਫੜੋ ਤੇ ਇਨ੍ਹਾਂ ਨੂੰ ਫਾਹੇ ਲਾਓ। ਜੋ ਮਾਂਵਾਂ ਦੀ ਕੁੱਖ ਉਜਾੜ ਰਹੇ ਹਨ।ਇਹ ਤਾਂ ਸਾਰੇ ਪਾਂਡੀ ਤੇ ਨਸ਼ਈ ਹਨ, ਜਿਨ੍ਹਾਂ ਨੂੰ ਆਪ ਨੇ ਥਾਣੇ 'ਚ ਬੰਦ ਕੀਤਾ ਹੈ।ਵੱਡੇ ਮਗਰਮੱਛਾਂ ਨੂੰ ਫੜ ਜਾਇਦਾਦਾਂ ਜ਼ਬਤ ਕਰੋ, ਜਿਨ੍ਹਾਂ ਨੇ ਇਨ੍ਹਾ ਨੂੰ ਨਸ਼ਾ ਲਾਇਆ ਹੈ।ਨਸ਼ੇਈਆਂ ਦਾ ਕਿਸੇ ਮਨੋਵਿਗਿਆਨਕ ਡਾਕਟਰਾਂ ਤੋਂ ਇਲਾਜ ਕਰਵਾਓ। ਜੇ ਇਹ ਹਾਲ ਰਿਹਾ, ਤੁਹਾਡੇ ਮਹਿਕਮੇ ਵਿੱਚ ਭਰਤੀ ਹੋਣ ਲਈ ਨੌਜਵਾਨ ਨਹੀਂ ਮਿਲਣਗੇ, ਕੁੱਝ ਗੈਂਗਸਟਰ ਬਣ ਜਾਣਗੇ, ਕੁੱਝ ਬਾਹਰ ਚਲੇ ਜਾਣਗੇ। ਪਰਵਾਸੀਆਂ ਦਾ ਰਾਜ ਹੋਵੇਗਾ, ਬੁਢਾਪਾ ਰੁਲ਼ੇਗਾ।ਬਜ਼ੁਰਗ ਔਰਤ ਨੂੰ ਦੇਣ ਵਾਸਤੇ ਸਾਹਿਬ ਕੋਲ ਕੋਈ ਜਵਾਬ ਨਹੀਂ ਸੀ।

— ਗੁਰਮੀਤ ਸਿੰਘ ਵੇਰਕਾ

ਮਾਂ ਦਾ ਪਿਆਰ ਤੇ ਮਨੁੱਖਤਾ

ਸਵੇਰ ਦੀ ਇੱਕ ਗਹਿਰੀ ਖ਼ਾਮੋਸ਼ੀ ਵਿੱਚ ਸੜਕ ਦੇ ਇੱਕ ਪਾਸੇ ਖੜ੍ਹਾ ਮੈਂ ਸੋਚ ਰਿਹਾ ਸੀ ਕਿ ਜ਼ਿੰਦਗੀ ਕਿੰਨੀ ਅਜੀਬ ਅਤੇ ਬੇਰਹਿਮ ਹੋ ਸਕਦੀ ਹੈ। ਇੱਕ ਕੁੱਤੀ ਆਪਣੇ ਦੋ ਬੱਚਿਆਂ ਦੇ ਨਾਲ ਹੌਲੀ-ਹੌਲੀ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਦੇ ਹਰ ਕਦਮ 'ਚ ਸਾਵਧਾਨੀ ਅਤੇ ਮਮਤਾ ਸੀ। ਉਸ ਦੀ ਮਾਵਾਂ ਵਾਲੀ ਤਾਕਤ ਉਸ ਦੇ ਹਰ ਹੱਲੇ ਵਿਚ ਦਿਖਾਈ ਦੇ ਰਹੀ ਸੀ, ਪਰ ਇਹ ਅਜੀਬੋ-ਗਰੀਬ ਜ਼ਿੰਦਗੀ ਕਦੇ-ਕਦੇ ਸਮਝਦਾਰੀ ਦੀ ਵੀ ਕਦਰ ਨਹੀਂ ਕਰਦੀ। ਇਕ ਅਣਜਾਣ ਵਾਹਨ ਆਇਆ, ਬੇਰਹਿਮ ਤੋਰ 'ਤੇ ਉਸ ਨੂੰ ਟੱਕਰ ਮਾਰ ਕੇ ਅਗਾਂਹ ਵਧ ਗਿਆ। ਮਾਂ ਦੀ ਤੁਰੰਤ ਮੌਤ ਹੋ ਗਈ। ਉਹ ਦੋ ਨਿਰਦੋਸ਼ ਬੱਚੇ, ਜੋ ਉਸ ਦੇ ਪਿੱਛੇ ਹੀ ਸਨ, ਬਚ ਗਏ।

ਪਰ ਦਾਸਤਾਨ ਇੱਥੇ ਨਹੀਂ ਮੁੱਕਦੀ। ਉਸ ਮਰੀ ਹੋਈ ਮਾਂ ਦੀ ਲਾਸ਼ ਨਾਲ ਉਹ ਦੋ ਛੋਟੇ ਬੱਚੇ ਦਿਨ ਭਰ ਜੁੜੇ ਰਹੇ। ਉਨ੍ਹਾਂ ਦੀਆਂ ਨਿਰਦੋਸ਼ ਹਰਕਤਾਂ ਜਿਸ ਵੀ ਰਾਹਗੀਰ ਨੇ ਦੇਖੀਆਂ, ਉਹ ਭਾਵੁਕ ਹੋਏ। ਇਹ ਬੱਚੇ ਕਦੇ ਆਪਣੀ ਮਾਂ ਦੀ ਲਾਸ਼ ਉੱਤੇ ਚੜ੍ਹ ਕੇ ਉਸ ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ, ਤਾਂ ਕਦੇ ਉਸ ਦੇ ਸਰੀਰ ਨੂੰ ਚੁੰਮਣ ਕਰਦੇ, ਜਿਵੇਂ ਮਾਂ ਦੇ ਦੁੱਧ ਦੀ ਤਲਾਸ਼ ਕਰ ਰਹੇ ਹੋਣ। ਇਹ ਮਾਸੂਮ ਜਾਨਵਰ ਇੱਕ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੇ ਸਨ, ਜਿਸ ਦੀ ਉਹਨਾ ਨੂੰ ਨਾ ਤਾਂ ਸਮਝ ਸੀ ਅਤੇ ਨਾ ਹੀ ਰਾਹ।

ਇਸ ਦਰਦ ਭਰੇ ਦ੍ਰਿਸ਼ ਨੂੰ ਦੇਖ ਕੇ ਇਕ ਇਨਸਾਨ ਨੇ ਹਿੰਮਤ ਕੀਤੀ। ਉਸ ਨੇ ਮਰੀ ਹੋਈ ਕੁੱਤੀ ਨੂੰ ਉਥੋਂ ਹਟਾ ਕੇ ਨੇੜੇ ਦੇ ਇੱਕ ਖਾਲੀ ਪਲਾਟ ਵਿਚ ਦੱਬ ਦਿੱਤਾ। ਉਸ ਨੂੰ ਲੱਗਾ ਕਿ ਹੁਣ ਇਹ ਸਥਿਤੀ ਸੁਧਰ ਜਾਵੇਗੀ, ਪਰ ਅਸਲ ਕਹਾਣੀ ਤਾਂ ਅਗਲੀ ਰਾਤ ਸੁਰਜੀਤ ਹੋਈ। ਉਹ ਦੋ ਨੰਨ੍ਹੇ ਕੁੱਤੇ ਉਸ ਜਗ੍ਹਾ ਪਹੁੰਚ ਗਏ, ਜਿੱਥੇ ਮਾਂ ਨੂੰ ਦੱਬਿਆ ਗਿਆ ਸੀ। ਉਨ੍ਹਾਂ ਨੇ ਆਪਣੀਆਂ ਨਾਜ਼ੁਕ ਨਿੱਠਾਂ ਨਾਲ ਮਿੱਟੀ ਖੁਦਾਈ ਕਰਨੀ ਸ਼ੁਰੂ ਕਰ ਦਿੱਤੀ। ਸਾਰੀ ਰਾਤ ਉਨ੍ਹਾਂ ਦੀਆਂ ਚੀਕਾਂ ਆਸਮਾਨ ਤੱਕ ਗੂੰਜ ਰਹੀਆਂ ਸਨ। ਉਹ ਹਾਰਨਹਾਰ ਸਨ, ਪਰ ਥੱਕੇ ਨਹੀਂ। ਇਹ ਮੰਜ਼ਰ ਹਰ ਗੁਜ਼ਰਨ ਵਾਲੇ ਦੇ ਦਿਲ-ਦਿਮਾਗ 'ਤੇ ਜਿਵੇਂ ਸੱਟ ਦੀ ਮਾਰ ਕਰ ਰਹੀਆਂ ਹੋਣ।

ਅਗਲੇ ਦਿਨ ਸਵੇਰੇ ਮੈਨੂੰ ਇੱਕ ਹੋਰ ਚੀਜ਼ ਨੇ ਹਿਲਾ ਕੇ ਰੱਖ ਦਿੱਤਾ। ਮੈਂ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਇੱਕ ਖ਼ਬਰ ਪੜ੍ਹੀ, ਜਿਸ ਨੇ ਮੇਰੇ ਦਿਮਾਗ ਵਿੱਚ ਤੂਫ਼ਾਨ ਪੈਦਾ ਕਰ ਦਿੱਤਾ। ਬੇਟੇ ਨੇ ਮਾਂ ਨੂੰ ਤੇਜ਼ਧਾਰ ਹਥਿਆਰ ਨਾਲ ਮੌਤ ਦੇ ਘਾਟ ਉਤਾਰਿਆ। ਖ਼ਬਰ ਵਿੱਚ ਲਿਖਿਆ ਸੀ ਕਿ ਮਾਂ ਨੇ ਆਪਣੇ ਬੇਟੇ ਨੂੰ ਗਲਤ ਕੰਮ ਕਰਨ ਤੋਂ ਰੋਕਿਆ ਸੀ, ਪਰ ਬੇਟਾ ਇਸ ਗੱਲ ਨੂੰ ਸਹਾਰ ਨਹੀਂ ਸਕਿਆ। ਗੁੱਸੇ ਵਿੱਚ ਅੰਨ੍ਹਾ ਹੋ ਕੇ ਉਸ ਨੇ ਮਾਂ ਦਾ ਕਤਲ ਕਰ ਦਿੱਤਾ। ਇੱਕ ਜਨਮ ਦਾਤਰੀ ਦੀ ਮੌਤ ਦਾ ਜ਼ਿੰਮੇਵਾਰ ਉਹੀ ਬੇਟਾ ਬਣਿਆ, 'ਜਿਸ ਨੂੰ ਮਾਂ ਨੇ ਪਹਿਲੀ ਗੁੱਟ ਚੁੰਘਾਈ ਹੋਵੇਗੀ।'

ਇਹ ਦੋ ਵਾਕਿਆਂ ਨੇ ਮੇਰੇ ਅੰਦਰ ਦੂਰੀਆਂ ਦੇ ਸਮੁੰਦਰ ਭਰ ਦਿੱਤੇ। ਇੱਕ ਪਾਸੇ ਕੁੱਤੀ ਦੇ ਬੱਚਿਆਂ ਦੀ ਮਮਤਾ ਸੀ, ਜਿਹੜੀ ਮਿੱਟੀ ਨੂੰ ਖੁਦਾਈ ਕਰਕੇ ਮਾਂ ਨੂੰ ਲੱਭ ਰਹੀ ਸੀ। ਦੂਜੇ ਪਾਸੇ ਇੱਕ ਇਨਸਾਨ ਦਾ ਗੁੱਸਾ ਸੀ, ਜਿਹੜਾ ਆਪਣੀ ਮਾਂ ਨੂੰ ਮੌਤ ਦੇ ਘਾਟ ਉਤਾਰਨ ਲਈ ਵਜ੍ਹਾ ਬਣਿਆ। ਇੱਕ ਪਾਸੇ ਉਹ ਜਾਨਵਰ ਸਨ, ਜਿਨ੍ਹਾਂ ਦੇ ਦਿਲ ਵਿੱਚ ਮਮਤਾ ਦਾ ਜਲਾਲ ਸੀ। ਦੂਜੇ ਪਾਸੇ ਇਹ ਇਨਸਾਨ ਸਨ, ਜਿਨ੍ਹਾਂ ਨੇ ਆਪਣੇ ਸਾਰੇ ਸੰਵੇਦਨਾਵਾਂ ਨੂੰ ਮਾਰ ਦਿੱਤਾ ਸੀ।

ਮਨ ਨੂੰ ਸਵਾਲ ਕਰਨਾ ਪਿਆ ਕਿ ਕੀ ਅਸੀਂ ਅਸਲ ਵਿੱਚ ਸਮਾਜਿਕ ਜੀਵ ਹਾਂ? ਜਾਂ ਜਾਨਵਰਾਂ ਵਿੱਚ ਉਹ ਦਿਲਦਾਰੀ ਹੈ, ਜੋ ਅਸੀਂ ਖੋਹ ਬੈਠੇ ਹਾਂ ? ਜਾਨਵਰ ਅਸਲ ਜੀਵਨ ਦਾ ਉਹ ਰੂਪ ਪੇਸ਼ ਕਰਦੇ ਹਨ, ਜੋ ਸ਼ਾਇਦ ਸਾਨੂੰ ਸਿੱਖਣ ਦੀ ਲੋੜ ਹੈ।

- ਰਾਜਿੰਦਰ ਸਿੰਘ ਰਾਜਨ

ਬਾ-ਇੱਜ਼ਤ ਬਰੀ

ਬੋਹੜ ਅਤੇ ਮੁਖਤਿਆਰ ਪਸ਼ੂ ਮੰਡੀ ਵਿੱਚੋਂ ਦੁਧਾਰੂ ਪਸ਼ੂ ਖਰੀਦਣ ਲਈ ਮੰਡੀ ਪਹੁੰਚੇ । ਦੋ ਘੰਟੇ ਦੇ ਲੱਗਭੱਗ ਪਸ਼ੂ ਵੇਖਦੇ ਰਹੇ, ਪਰ ਕੋਈ ਪਸ਼ੂ ਪਸੰਦ ਨਾ ਆਇਆ । ਉਹ ਇਕ ਦੁਕਾਨ 'ਤੇ ਬੈਠ ਕੇ ਚਾਹ ਅਤੇ ਪਕੌੜੇ ਖਾਣ ਲੱਗ ਪਏ। ਚਾਹ ਅਤੇ ਪਕੌੜੇ ਖਾ ਕੇ ਬੋਹੜ ਅਤੇ ਮੁਖਤਿਆਰ ਦੁਕਾਨ 'ਚੋਂ ਉੱਠ ਕੇ ਪਸ਼ੂ ਦੀ ਭਾਲ ਵਿੱਚ ਤੁਰ ਪਏ । ਕੁਝ ਚਿਰ ਬਾਅਦ ਬੋਹੜ ਨੂੰ ਯਾਦ ਆਇਆ ਕਿ ਉਹ ਨੋਟਾਂ ਵਾਲਾ ਝੋਲਾ ਚਾਹ ਵਾਲੀ ਦੁਕਾਨ 'ਤੇ ਭੁੱਲ ਆਏ ਹਨ । ਬੋਹੜ ਸਿਆਂ ! ਮੇਲਾ ਇੰਨਾ ਭਰਿਆ ਹੈ, ਮੈਨੂੰ ਨਹੀਂ ਲੱਗਦਾ ਆਪਣਾ ਨੋਟਾਂ ਵਾਲਾ ਝੋਲਾ ਮਿਲੇ । ਦੁਕਾਨਦਾਰ ਨੂੰ ਪੁੱਛਣ 'ਤੇ ਕਹਿੰਦਾ, ਸਰਦਾਰ ਜੀ !ਮੈਂ ਖਿਆਲ ਨਹੀਂ ਕੀਤਾ। ਭਾਣਾ ਵਰਤ ਚੁੱਕਾ ਸੀ । ਮੁਖਤਿਆਰ ਨੇ ਬੋਹੜ ਨੂੰ ਕਿਹਾ, ਬੋਹੜ ਸਿਆਂ !ਆਓ ਆਪਾਂ ਮੰਡੀ ਵਿੱਚ ਮੁਨਿਆਦੀ ਕਰਵਾ ਦਿੰਦੇ ਹਾਂ, ਸ਼ਾਇਦ ਕੋਈ ਰੱਬ ਦਾ ਪਿਆਰਾ ਪੈਸੇ ਮੋੜ ਹੀ ਦੇਵੇ ।

ਮੁਖਤਿਆਰ ਮੰਡੀ ਦਾ ਪੁਰਾਣਾ ਜਾਣੂੰ ਸੀ । ਉਸ ਨੇ ਮੁਨਿਆਦੀ ਕਰਵਾ ਦਿੱਤੀ ਅਤੇ ਮੁਨਿਆਦੀ ਵਾਲੇ ਕੋਲ ਬੈਠ ਗਏ। ਦਿਲ ਨਹੀਂ ਮੰਨਦਾ ਸੀ ਕਿ ਪੈਸੇ ਮਿਲਣਗੇ ? ਪਰ ਘੰਟੇ ਕੁ ਬਾਅਦ ਮਾੜੂ ਜਿਹੀ ਸਿਹਤ ਵਾਲਾ ਵਿਅਕਤੀ ਮੁਨਿਆਦੀ ਵਾਲੇ ਕੋਲ ਆ ਕੇ ਪੁੱਛਦਾ ਹੈ । ਪੈਸੇ ਕਿਨ੍ਹਾਂ ਦੇ ਗੁਆਚੇ ਹਨ ? ਇਸ ਤੋਂ ਪਹਿਲਾਂ ਮੁਨਿਆਦੀ ਵਾਲਾ ਜਵਾਬ ਦਿੰਦਾ ਬੋਹੜ ਝੱਟ ਬੋਲਿਆ। ਵੀਰ ਜੀ, ਪੈਸੇ ਮੇਰੇ ਗੁਆਚੇ ਹਨ।ਉਸ ਨੇ ਨਿਸ਼ਾਨੀਆਂ ਪੁੱਛੀਆਂ? ਬੋਹੜ ਨੇ ਝੱਟ ਦੱਸ ਦਿੱਤੀਆਂ । ਉਸ ਨੇ ਕੁਝ ਵਿਅਕਤੀਆਂ ਦੇ ਸਾਹਮਣੇ ਪੈਸੇ ਵਾਲਾ ਝੋਲਾ ਮੋੜ ਦਿੱਤਾ।

ਬੋਹੜ ਨੇ ਝੋਲੇ ਵਿੱਚੋਂ ਦੋ ਹਜ਼ਾਰ ਰੁਪਏ ਕੱਢ ਕੇ ਉਸ ਨੂੰ ਇਨਾਮ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਕੋਈ ਇਨਾਮ ਨਾ ਲਿਆ। ਬੋਹੜ ਅਤੇ ਮੁਖਤਿਆਰ ਨੇ ਉਸ ਦਾ ਵਾਰ-ਵਾਰ ਧੰਨਵਾਦ ਕੀਤਾ । ਪੈਸੇ ਲੈ ਕੇ ਬੋਹੜ ਨੇ ਨੋਟਾਂ ਵਾਲਾ ਝੋਲਾ ਲੋਈ ਦੇ ਬੁੱਕਲ ਵਿੱਚ ਸੰਭਾਲ ਲਿਆ । ਪਰ ਕੋਈ ਪਸ਼ੂ ਪਸੰਦ ਨਹੀਂ ਆ ਰਿਹਾ ਸੀ । ਅਚਾਨਕ ਉਹਨਾਂ ਦਾ ਧਿਆਨ ਰੱਸੇ ਸੰਗਲਾਂ ਵਾਲੀ ਦੁਕਾਨ ਵੱਲ ਗਿਆ, ਜਿੱਥੇ ਕੋਈ ਰੋਲਾ ਪੈ ਰਿਹਾ ਸੀ । ਬਹੁਤ ਸਾਰਾ ਇਕੱਠ ਸੀ । ਮੁਖਤਿਆਰ ਸਿੰਹਾਂ ਚੱਲ ਉਹ ਦੁਕਾਨ ਵੱਲ ਵੇਖੀਏ ਕਿ ਰੌਲਾ ਪੈ ਗਿਆ ? ਦੁਕਾਨਦਾਰ ਇਕ ਵਿਅਕਤੀ 'ਤੇ ਇਲਜ਼ਾਮ ਲਗਾ ਰਿਹਾ ਸੀ । ਇਸ ਨੇ ਮੇਰਾ ਕੁੱਤੇ ਦੇ ਗਲ ਵਿੱਚ ਪਾਉਣ ਵਾਲਾ ਪਟਾ ਚੁੱਕਿਆ ਹੈ । ਧਿਆਨ ਨਾਲ ਵੇਖਿਆ ਤਾਂ ਇਹ ਉਹੀ ਵਿਅਕਤੀ ਸੀ. ਜਿਸ 'ਤੇ ਦੁਕਾਨਦਾਰ ਇਲਜ਼ਾਮ ਲਗਾ ਰਿਹਾ ਸੀ, ਜਿਹੜਾ ਕੁੱਝ ਚਿਰ ਪਹਿਲਾਂ ਪੈਸੇ ਮੋੜ ਕੇ ਗਿਆ ਸੀ।

ਸੇਠ ਜੀ, ਇਹ ਵਿਅਕਤੀ ਚੋਰ ਨਹੀਂ ਹੋ ਸਕਦਾ। ਬੋਹੜ ਨੇ ਗਰਜਵੀਂ ਆਵਾਜ਼ ਵਿੱਚ ਦੁਕਾਨਦਾਰ ਨੂੰ ਕਿਹਾ। ਬੋਹੜ ਅਤੇ ਮੁਖਤਿਆਰ ਦੋਵੇਂ ਪੈਸੇ ਮੋੜਨ ਵਾਲੇ ਦਾ ਪੱਖ ਲੈ ਰਹੇ ਸਨ । ਇਹ ਸਾਡਾ ਨੋਟਾਂ ਵਾਲਾ ਝੋਲਾ ਹੁਣੇ ਮੋੜ ਕੇ ਗਿਆ ਹੈ । ਇਹਨੇ ਪੰਜਾਹ ਵਾਲਾ ਪਟਾ ਚੁੱਕ ਕੇ ਕੀ ਕਰਨਾ ਸੀ ? ਸਰਦਾਰ ਜੀ, ਤੁਹਾਡੀ ਗੱਲ ਠੀਕ ਹੈ, ਪਰ ਮੈਂ ਇਸ ਦੀ ਤਲਾਸ਼ੀ ਕਰਨੀ ਹੈ, ਪਰ ਉਹ ਤਲਾਸ਼ੀ ਦੇਣ ਨੂੰ ਤਿਆਰ ਨਹੀਂ ਸੀ । ਬੋਹੜ ਉਸ ਨੂੰ ਪਾਸੇ ਲੈ ਗਿਆ ।ਭਰਾਵਾ ! ਤੂੰ ਚੀਜ਼ ਤਾਂ ਚੱਕ ਨਹੀਂ ਸਕਦਾ, ਪਰ ਤਲਾਸ਼ੀ ਦੇਣ ਵਿੱਚ ਕੀ ਹਰਜ਼ ਹੈ ?

ਕੀ ਤੂੰ ਪਟਾ ਚੁੱਕਿਆ ਹੈ ? ਉਸ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ । ਪਟਾ ਤੇਰੇ ਕੋਲ ਹੈ । ਹਾਂ ਬੋਹੜ ਨੇ ਸਾਰਿਆਂ ਤੋਂ ਬਚਾ ਕੇ ਲੋਈ ਵਿੱਚੋਂ ਹੱਥ ਕੱਢ ਪਟਾ ਉਸ ਤੋਂ ਲੈ ਕੇ ਆਪਣੇ ਝੋਲੇ ਵਿੱਚ ਪਾ ਲਿਆ। ਸੋਠਾਂ, ਮੈਂ ਇਸ ਨੂੰ ਪੁੱਛ ਲਿਆ ਹੈ । ਪਟਾ ਇਸ ਕੋਲ ਨਹੀਂ ਹੈ । ਜੇਕਰ ਤੂੰ ਹਾਲੇ ਵੀ ਤਸੱਲੀ ਕਰਨੀ ਚਾਹੁੰਦਾ ਹੈ ਤਾਂ ਤੂੰ ਇਸ ਦੀ ਤਲਾਸ਼ੀ ਲੈ ਸਕਦਾ ਹੈਂ । ਸਾਰਿਆਂ ਦੀ ਸਹਿਮਤੀ ਨਾਲ ਉਸ ਦੀ ਤਲਾਸ਼ੀ ਲਈ ਗਈ, ਪਰ ਪਟਾ ਨਾ ਮਿਲਣ 'ਤੇ ਦੁਕਾਨਦਾਰ ਸ਼ਰਮਿੰਦਾ ਹੋਇਆ । ਉਸ ਤੋਂ ਮੁਆਫੀ ਮੰਗੀ। ਅਸੀਂ ਵੀ ਉਸ ਨੂੰ ਬਾ-ਇੱਜ਼ਤ ਬਰੀ ਕਰਵਾ ਲਿਆ ਸੀ । ਪਰ.....?

— ਪਰਗਟ ਸਿੰਘ ਜੰਬਰ

ਬਲੱਡ ਗਰੁੱਪ

ਸਮੂਹ ਭੈਣ, ਭਰਾਵੋ! ਮੇਰੀ ਜ਼ਿੰਦਗੀ ਦੀ ਇਹ ਇੱਕ ਅਭੁੱਲ ਯਾਦ ਤਕਰੀਬਨ 6-7 ਦਹਾਕੇ ਪਹਿਲਾਂ ਦੀ ਹੋਵੇਗੀ। ਜਦੋਂ ਮੈਂ ਅਤੇ ਥੋਡਾ ਬਾਬਾ ਮੇਰੇ ਪੇਕਿਆਂ ਨੂੰ ਜਾਣ ਸਮੇਂ ਕੋਟਕਪੂਰਾ ਬੱਸ ਅੱਡਾ ਵਿਚ ਪਹੁੰਚ ਕੇ ਮੱਤਾ ਪਿੰਡ

6-April-Sunday.qxd 4/5/2025 11:28 PM Page 2

ਸਮਾਜਵਾਦੀ ਮੇਰੀ ਨਜ਼ਰ 'ਚ ਹਰ ਕਿਸਮ ਦੀ ਬਰਾਬਰੀ ਚਾਹੁਣ ਵਾਲਾ ਹੁੰਦਾ

ਪ੍ਰੇਮ ਪ੍ਰਕਾਸ਼ ਦੀਆਂ ਗੱਲਾਂ

ਸੂਤਰਧਾਰ : ਜਿੰਦਰ

ਮੈਂ ਦੂਜੇ ਨੰਬਰ ਦੀ ਸੰਤਾਨ ਹਾਂ। ਇਕ ਭਾਈ ਮੇਰਾ ਵੱਡਾ ਤੇ ਚਾਰ ਛੋਟੇ ਸਨ। ਇਕ ਸਕੂਲ ਪੜ੍ਹਦਾ ਹਾਦਸੇ 'ਚ ਗੁਜ਼ਰ ਗਿਆ ਸੀ। ਦੋ ਛੋਟੀਆਂ ਭੈਣਾਂ ਨੇ। ਘਰ 'ਚ ਬਹੁਤ ਖੁਸ਼ਹਾਲੀ ਸੀ। ਪਰ ਮੈਂ ਸਿਰੜੀ, ਰੋਂਦੂ, ਜ਼ਿੱਦੀ, ਕਮਜ਼ੋਰ ਤੇ ਡਰਾਕਲ ਸੀ। ਬੀਬੀ ਦਾ ਪੱਲਾ ਨਹੀਂ ਸੀ ਛੱਡਦਾ। ਪਿਤਾ ਆਰੀਆ ਸਮਾਜੀ ਹਿੰਦੂ ਧਰਮ ਨੂੰ ਮੰਨਣ ਵਾਲੇ ਗਾਂਧੀਵਾਦੀ ਸਨ। 1947 ਤੋਂ ਬਾਦ ਅੱਠਵੀਂ ਨੌਵੀਂ 'ਚ ਪੜ੍ਹਦਾ ਮੈਂ ਘਰੋਂ ਕਈ ਵਾਰ ਭੱਜਿਆ ਸੀ।

ਮੈਂ ਆਪਣੇ ਬਾਰੇ ਦੱਸ ਦਿਆਂ ਕਿ ਮੈਂ ਜੰਮਿਆ ਖੰਨੇ, ਚਾਰ ਜਮਾਤਾਂ ਭਾਦਸੋਂ ਪੜ੍ਹਿਆਂ (ਜਿਹੜਾ ਵੱਡਾ ਪਿੰਡ ਏ), ਫੇਰ ਖੰਨੇ ਆਪਣੇ ਘਰ ਰਿਹਾ। ਖੰਨਾ ਕਸਬਿਆਂ ਨਾਲੋਂ ਵੱਡਾ ਸ਼ਹਿਰ ਏ। ਬਹੁਤੇ ਲੋਕ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਨੇ। 1950 ਤੋਂ 1953 ਤੱਕ ਮੈਂ ਪਿੰਡ ਬਡਗੁਜਰਾਂ ਖੇਤੀ ਕੀਤੀ ਸੀ। ਹੁਣ ਮੇਰੇ ਅਨੁਭਵ ਨਿੱਕੇ ਪਿੰਡ ਦੇ ਨਾਲ ਵੱਡੇ ਪਿੰਡ, ਸ਼ਹਿਰਨੁਮਾ ਕਸਬੇ ਤੇ ਫੇਰ ਜਲੰਧਰ ਸ਼ਹਿਰ ਤੇ ਫੇਰੇ ਮੇਰੀ ਕਲਪਨਾ ਦੇ ਸ਼ਹਿਰ ਦੇ ਨੇ। ਮੈਂ ਇਹਨਾਂ ਸਾਰੇ ਮਾਹੌਲਾਂ ਨੂੰ ਨਾਲ ਲਈ ਫਿਰਦਾ ਹਾਂ। ਪਿੰਡ ਨਾਲ ਏਸ ਲਈ ਜੁੜਿਆ ਰਿਹਾ ਕਿ ਉਥੇ ਮੇਰੇ ਮਾਪੇ ਤੇ ਜ਼ਮੀਨ ਸੀ। ਖੰਨੇ ਨਾਲ ਏਸ ਲਈ ਕਿ ਉਥੇ ਮੇਰੇ ਭਾਈ, ਚਾਚਾ ਤੇ ਜੱਦੀ ਘਰ ਸੀ।-ਮੇਰੇ ਅੰਦਰ ਹਾਲੇ ਵੀ ਇਹ ਸਾਰੇ ਰੂਪ ਨੇ।

ਮੈਂ ਪਹਿਲਾਂ ਕਹਾਣੀ 'ਉਪਤ ਖੁਪਤ' ਨਾਂ ਦੀ ਲਿਖੀ, ਜਿਹੜੀ ਪਿੰਡ ਦੇ ਜੱਟਾਂ ਵੱਲੋਂ ਵਿਹੜੇ ਵਾਲਿਆਂ ਦੀ ਨਾਕਾਬੰਦੀ ਕਰਨ ਬਾਰੇ ਸੀ।

ਸ਼ਹਿਰ ਹਮੇਸ਼ਾ ਤਬਦੀਲੀ ਦੇ ਸਥਾਨ ਹੁੰਦੇ ਨੇ। ਗਿਆਨ, ਸੰਸਕ੍ਰਿਤੀ, ਚਿੰਤਨ ਤੇ ਵਿਹਾਰ ਪਹਿਲਾਂ ਸ਼ਹਿਰਾਂ 'ਚ ਬਦਲਦੇ ਨੇ। ਉਹ ਤਬਦੀਲੀ ਹੋਰ ਵੱਡੇ-ਵੱਡੇ ਸ਼ਹਿਰਾਂ ਤੋਂ ਆਈ ਹੁੰਦੀ ਏ, ਜਿਹੜੇ ਮਹਾਂਨਗਰ ਕਹੇ ਜਾਂਦੇ ਨੇ। - ਉਹ ਤਬਦੀਲੀ ਵੀ ਪਹਿਲਾਂ ਖਾਸ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਵਰਗ 'ਚ ਆਉਂਦੀ ਏ। ਜ਼ਰੂਰੀ ਨਹੀਂ ਕਿ ਜਲੰਧਰ ਜਿਹੜਾ ਅੱਜ ਏ, ਉਹ ਵੀਹ ਸਾਲਾਂ ਬਾਅਦ ਵੀ ਹੋਵੇ। -ਮੇਰੇ ਵਾਂਗ ਮੇਰੇ ਪਾਤਰ ਵੀ ਆਪਣੀ ਕਲਪਨਾ ਦਾ ਸ਼ਹਿਰ ਤੇ ਘਰ ਬਣਾਉਂਦੇ ਹਨ। ਉਹ ਵੀ ਕਲਪਨਾ 'ਚ ਪਾਤਰਾਂ ਦੀਆਂ ਗਤੀਵਿਧੀਆਂ ਦੇਖਦੇ ਨੇ।

ਮੈਂ ਸਮਝਦਾ ਹਾਂ ਕਿ ਬੰਦੇ ਦਾ ਵਿਅਕਤੀਤਵ ਗਰਭ 'ਚ ਹੀ ਬਨਣ ਲੱਗ ਪੈਂਦਾ ਏ। ਗਰਭ 'ਚ ਜਾਂਦਿਆਂ ਵੀ ਉਹ ਆਪਣੇ ਨਾਲ ਸੰਸਕਾਰ (ਜੀਨਜ਼) ਲੈ ਕੇ ਜਾਂਦਾ ਏ। ਇਹ ਸੰਸਕਾਰ ਪਿਛਲੀਆਂ ਕਈ ਪੀੜ੍ਹੀਆਂ ਦੇ ਹੁੰਦੇ ਨੇ। ਇਸੇ ਲਈ ਬ੍ਰਾਹਮਣ ਖੱਤਰੀ ਕੋਲ ਅੱਖਰ ਗਿਆਨ ਸੰਸਕਾਰ ਵਜੋਂ ਮਿਲਿਆ ਹੁੰਦਾ ਏ। ਮੈਂ ਭਗਵੇਂ ਕੱਪੜੇ ਸਿਰਫ ਕਈ ਸਾਲ ਨਹੀਂ, ਵੀਹ ਸਾਲ ਪਾਏ ਹੋਣਗੇ। ਹੁਣ ਕੁਝ ਸਾਲਾਂ ਤੋਂ ਛੱਡੇ ਨੇ ਆਪਣੀ ਪਤਨੀ ਦੇ ਜ਼ੋਰ ਦੇਣ 'ਤੇ। ਜਦ ਪਾਉਂਦਾ ਸੀ ਤਾਂ ਚੰਗੇ ਲੱਗਦੇ ਸੀ। ਭਗਵੇਂ ਰੰਗ 'ਚ ਬੜੀ ਖਿਚ ਏ ਮੇਰੇ ਲਈ। ਮੈਨੂੰ ਬਚਪਨ 'ਚ ਤੇ ਫੇਰ ਲੜਕਪਨ 'ਚ ਜਦ ਮੈਂ ਬਾਗੀ ਬਣ ਰਿਹਾ ਸੀ, ਤਦ ਵੀ ਸਾਧ ਚੰਗੇ ਲੱਗਦੇ ਸੀ। ਮੈਂ ਉਹਨਾਂ ਦੀ ਸੰਗਤ ਕਰਦਾ ਸੀ। ਇਹ ਰਹੱਸ ਭਰਿਆ ਵਿਰੋਧਾਭਾਸ ਏ ਮੇਰੇ ਚਰਿੱਤਰ 'ਚ। ਇਹ ਕਿਉਂ ਏ! ਮੈਨੂੰ ਨਹੀਂ ਪਤਾ।

ਮੇਰੀ ਇਕ ਵੀ ਕਹਾਣੀ ਛਪਣ ਸਾਰ ਸਰਾਹੀ ਨਹੀਂ ਗਈ। ਡੈੱਡ ਲਾਈਨ 'ਸਿਰਜਣਾ' 'ਚ ਛਪੀ ਸੀ ਤਾਂ ਰਘਬੀਰ ਸਿੰਘ ਨੇ ਅਗਲੇ ਅੰਕ 'ਚ ਚਿੱਠੀ ਛਾਪੀ ਸੀ ਕਿ ਇਹ ਕੀ ਬਕਵਾਸ ਕਹਾਣੀ ਛਾਪ ਦਿੱਤੀ। ਉਹਨੂੰ ਆਪ ਦਿਲੋਂ ਪਸੰਦ ਨਹੀਂ ਸੀ।

ਕਹਾਣੀ ਸਿਰਫ ਗੱਲ ਹੁੰਦੀ ਏ। ਜਦ ਕੋਈ ਬੰਦਾ ਕੋਈ ਨਵਾਂ ਅਨੁਭਵ ਕਰਦਾ ਏ ਤੇ ਉਹਨੂੰ ਆਪਣੀ ਜਾਣ 'ਚ ਉਹ ਅਨੋਖਾ ਲੱਗਦਾ ਏ। ਮਨੁੱਖ ਵੀ ਸਮਾਜੀ ਪ੍ਰਵਿਰਤੀ ਅਨੁਸਾਰ ਉਹ ਆਪਣਾ ਅਨੁਭਵ ਦੂਜਿਆਂ ਨੂੰ ਦੱਸਦਾ ਏ। ਇਹ ਗੱਲ ਦੱਸਣੀ ਹੀ ਕਹਾਣੀ ਦਾ ਮੁੱਢਲਾ ਰੂਪ ਏ।

ਹਰੇਕ ਦੀ ਕਲਾ (ਲਿਖਤ) 'ਚ ਠਹਿਰਾਓ ਜ਼ਰੂਰ ਆਉਂਦਾ ਏ। ਇਹਦਾ ਕਾਰਨ ਕਦੇ ਲੇਖਕ ਦੇ ਨਿੱਜੀ ਹਾਲਾਤ ਹੁੰਦੇ ਨੇ ਤੇ ਕਦੇ ਮਾਹੌਲ ਹੁੰਦਾ ਏ। ਕਦੇ ਲੇਖਕ ਦੀ ਪ੍ਰਾਥਮਿਕਤਾ ਹੀ ਬਦਲ ਜਾਂਦੀ ਏ। ਉਹ ਹੋਰਾਂ ਕੰਮਾਂ ਨੂੰ ਵੱਧ ਅਹਿਮ ਸਮਝਣ ਲੱਗ ਪੈਂਦਾ ਏ । ਜਦ ਮੈਂ ਕਹਿੰਦਾ ਹਾਂ ਕਿ ਮੈਂ ਕਹਾਣੀ ਨਹੀਂ ਲਿਖਦਾ, ਮੈਥੋਂ ਲਿਖੀ ਜਾਂਦੀ ਏ। ਉਹਦਾ ਅਰਥ ਇਹ ਨਹੀਂ ਕਿ ਮੈਂ ਉਕਾ ਕੋਈ ਤਰੱਦਦ ਨਹੀਂ ਕਰਦਾ। ਮੈਂ ਘਟਨਾਵਾਂ ਨੂੰ ਜੋੜਦਾ ਤੋੜਦਾ ਹੋਇਆ ਕਲਪਨਾ 'ਚ ਉਹਨਾਂ ਨਾਲ ਖੇਡਦਾ ਰਹਿੰਦਾ ਹਾਂ।

ਮੇਰਾ ਵਿਸ਼ਵਾਸ ਏ ਕਿ ਬੰਦਾ ਜਿੰਨਾ ਤੇ ਜਿਹੋ ਜਿਹਾ ਬਾਹਰ ਦਿੱਸਦਾ ਏ, ਉਸ ਤੋਂ ਵੀਹ ਗੁਣਾਂ ਉਹ ਅੰਦਰ ਏ। ਜਿਹੜਾ ਦਿੱਸਦਾ ਨਹੀਂ। ਜਿਹੜਾ ਕਰਮ ਇੰਦਰੀਆਂ ਦੀ ਪਕੜ 'ਚ ਨਹੀਂ ਆਉਂਦਾ। ਗਿਆਨ ਇੰਦਰੀਆਂ ਵੀ ਥੋੜ੍ਹਾ ਜਿਹਾ ਭੇਤ ਪਾ ਸਕਦੀਆਂ ਨੇ—ਬਾਹਰਲੇ ਬੰਦੇ ਨੂੰ ਤਾਂ ਸਾਰੇ ਜਾਣਦੇ ਹੁੰਦੇ ਨੇ, ਉਹ ਮੇਰੇ ਲਈ ਜਾਨਣ ਵਾਲੀ ਗੱਲ ਨਹੀਂ। ਮੈਂ ਉਹਦੇ ਅੰਦਰਲੇ ਬੰਦਿਆਂ ਨੂੰ ਜਾਨਣਾ ਚਾਹੁੰਦਾ ਹਾਂ।

ਮੇਰਾ ਖਿਆਲ ਏ ਕਿ ਸਾਹਿਤ ਬੰਦੇ ਨੂੰ ਅਕਲਾਂ ਦੇ ਕੇ ਸਮਾਜ ਨੂੰ ਬਦਲ ਨਹੀਂ ਸਕਦਾ। ਉਸਦਾ ਕੰਮ ਤੇ ਪਹਿਲਾਂ ਆਪ ਜਿਗਿਆਸੂ ਬਣਨਾ ਤੇ ਫੇਰ ਪਾਠਕ ਨੂੰ ਜਿਗਿਆਸੂ ਬਣਾਉਣਾ ਏ। ਚੰਗਾ ਪਾਠਕ ਆਪਣੇ ਤੌਰ 'ਤੇ ਕੁਝ ਵੀ ਨਹੀਂ ਹੁੰਦਾ। ਕਿਸੇ ਲੇਖਕ ਦੇ ਪਾਠਕ ਜ਼ਰੂਰੀ ਨਹੀਂ ਕਿ ਹੋਰਾਂ ਲੇਖਕਾਂ ਨੂੰ ਵੀ ਉਸੇ ਤਰ੍ਹਾਂ ਸਮਝ ਸਕਣ ਤੇ ਮਾਣ ਸਕਣ। ਇਕ ਲੇਖਕ ਦੇ ਪਾਠਕ ਉਸੇ ਲੇਖਕ ਦੀਆਂ ਵੱਖ-ਵੱਖ ਕਹਾਣੀਆਂ ਦਾ ਮੁੱਲਾਂਕਣ ਵੱਖ-ਵੱਖ ਕਰਦੇ ਨੇ।

ਜਦ ਆਲੋਚਕ ਕਿਸੇ ਰਚਨਾਕਾਰ ਦੀ ਨੁਕਤਾਚੀਨੀ ਕਰਦਾ ਏ ਤਾਂ ਲੇਖਕ ਔਖਾ ਹੁੰਦਾ ਏ। ਏਸੇ ਔਖਿਆਈ ਕਰਕੇ ਲੇਖਕ ਘੋੜੇ ਦੀ ਮੱਖੀ, ਪਿੱਸੂ ਜਾਂ ਪਰਜੀਵੀ ਕਹਿ ਕੇ ਨਿੰਦਦੇ ਰਹੇ ਨੇ। ਇਹ ਵੀ ਕਿਹਾ ਜਾਂਦਾ ਰਿਹਾ ਏ ਕਿ ਜਦ ਕੋਈ ਬੰਦਾ ਸਿਰਜਣਾ ਕਰ ਨਹੀਂ ਸਕਦਾ ਜਾਂ ਕਰਦਾ-ਕਰਦਾ ਅਸਫਲ ਹੋ ਜਾਂਦਾ ਏ ਤਾਂ ਉਹ ਆਲੋਚਕ ਬਣ ਜਾਂਦਾ ਏ। ਉਹ ਆਪਣੀ ਅਸਫਲਤਾ ਦਾ ਬਦਲਾ ਸਫਲ ਲੇਖਕਾਂ ਤੋਂ ਲੈਂਦਾ ਏ। ਮੈਂ ਕੋਈ ਵੀ ਦਰਸ਼ਨ ਸੰਪੂਰਨ ਰੂਪ 'ਚ ਨਹੀਂ ਪੜ੍ਹਿਆ। ਹਰੇਕ ਨੂੰ ਕਿਸੇ ਪ੍ਰਸੰਗ ਵਿੱਚ ਪੜ੍ਹਿਆ ਤੇ ਸਮਝਿਆ ਏ। ਏਸੇ ਲਈ ਮੈਂ ਕਿਸੇ ਦੀ ਗੱਲ ਕੋਟ ਨਹੀਂ ਕਰ ਸਕਦਾ। ਮੈਂ ਧਾਰਮਕ ਗਰੰਥ ਵੀ ਬੜੇ ਪੜ੍ਹੇ ਨੇ। ਪਰ ਮੈਨੂੰ ਯਾਦ ਨਹੀਂ ਰਹਿੰਦਾ ਕਿ ਕੀ ਕਿਥੇ ਪੜ੍ਹਿਆ ਸੀ। - ਆਪਣੇ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਮੈਂ ਮਨੋਵਿਗਿਆਨ ਦਾ ਵਿਦਿਆਰਥੀ ਹਾਂ।

ਜਿਹੜਾ ਬੰਦਾ ਇਸਤ੍ਰੀਆਂ ਦੀਆਂ ਗੱਲਾਂ ਨਹੀਂ ਕਰਦਾ ਮੈਂ ਉਸ ਤੋਂ ਅੱਕ ਜਾਂਦਾ ਹਾਂ। ਮੈਨੂੰ ਲੱਗਦਾ ਏ ਕਿ ਉਹ ਪਖੰਡੀ ਏ।

ਜ਼ਿੰਦਗੀ 'ਚ ਜਿਹੜੀ ਵੀ ਤੀਵੀਂ ਮਿਲੀ, ਭਾਵੇਂ ਕੁਝ ਚਿਰ ਲਈ, ਮੈਂ ਉਸ ਤੋਂ ਵੀ ਪ੍ਰਭਾਵਤ ਹੋਇਆ ਹਾਂ। ਮੇਰੀਆਂ ਕਹਾਣੀਆਂ 'ਚ ਔਰਤਾਂ ਹੀ ਔਰਤਾਂ ਨੇ। ਹੋ ਸਕਦਾ ਏ ਕਿ ਕਿਸੇ ਇਕ ਦਾ ਪ੍ਰਭਾਵ ਵੱਧ ਪੈਂਦਾ ਹੋਵੇ। ਉਹਨਾਂ ਸਾਰੇ ਇਸਤ੍ਰੀ ਪਾਤਰਾਂ 'ਚ ਮੇਰੀ ਪਤਨੀ ਵੀ ਸ਼ਾਮਲ ਏ। ਉਹ ਮੇਰੀ ਜੀਵਨ ਸਾਥਣ ਏ। ਮੇਰੇ ਬੱਚਿਆਂ ਦੀ ਮਾਂ ਏ। ਘਰ ਦੀ ਧੁਰੀ ਏ। ਉਸ ਨੇ ਮੈਨੂੰ ਜਿਊਂਦਿਆਂ ਰੱਖਿਆ ਏ।

ਸਮਾਜਵਾਦੀ ਮੇਰੀ ਨਜ਼ਰ 'ਚ ਸਾਰੇ ਇਨਸਾਨਾਂ ਲਈ ਹਰ ਕਿਸਮ ਦੀ ਬਰਾਬਰੀ ਚਾਹੁੰਣ ਵਾਲਾ ਹੁੰਦਾ ਏ। ਉਹ ਧਰਮ ਨਿਰਪੱਖ ਹੁੰਦਾ ਏ। ਇਹ ਵਿਚਾਰ ਮੈਨੂੰ ਹੁਣ ਵੀ ਠੀਕ ਲੱਗਦਾ ਏ। ਮੈਂ ਕੋਸ਼ਿਸ਼ ਕੀਤੀ ਏ ਕਿ ਇਹਨੂੰ ਆਪਣੀ ਜੀਵਨ ਸ਼ੈਲੀ ਬਣਾਵਾਂ। ਪਰ ਤੂੰ ਅੱਧੀ ਬਿਸਮਿੱਲਾ ਲੈ ਕੇ ਤੁਰ ਪਿਆ। ਮੈਂ ਏਸ ਤੋਂ ਅੱਗੇ ਕਿਹਾ ਸੀ ਕਿ ਮੈਂ ਸਾਹਿਤ 'ਚ ਕਿਸੇ ਵੀ ਵਾਦ ਨੂੰ ਨਹੀਂ ਵੜਨ ਦੇਂਦਾ। ਜਦ ਮੈਂ ਹਾਲੇ ਸਕੂਲ ਨਹੀਂ ਸੀ ਜਾਣ ਲੱਗਿਆ ਘਰ 'ਚ ਮੇਰੀ ਦਾਦੀ, ਦਾਦਾ ਤੇ ਪੜਦਾਦੀ ਹੁੰਦੀ ਸੀ। ਮੇਰੇ ਚੇਤੇ 'ਚ ਉਹ ਤਿੰਨੇ ਬਹੁਤੇ ਖੁਭੇ ਰਹੇ ਨੇ। ਪੜਦਾਦੀ ਗੁਜਰੀ ਤਾਂ ਮੈਂ ਛੇਵੀਂ ਸੱਤਵੀ 'ਚ ਪੜ੍ਹਦਾ ਸੀ। ਫੇਰ ਦਾਦਾ ਤੇ ਦਾਦੀ ਗੁਜਰੇ। -ਇਹ ਘਟਨਾਵਾਂ ਹੋਣੀਆਂ ਜ਼ਰੂਰੀ ਸਨ। ਫੇਰ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਮੇਰੇ ਅੰਦਰ ਬਜ਼ੁਰਗ ਤੇ ਮੌਤ ਆ ਗਏ ਸੀ।

ਸਮਕਾਲੀ ਪੰਜਾਬੀ ਕਹਾਣੀਕਾਰਾਂ 'ਚੋਂ ਮੈਨੂੰ ਕੋਈ ਵੀ ਬਹੁਤਾ ਚੰਗਾ ਨਹੀਂ ਲੱਗਿਆ। ਵਿਰਕ ਵੀ ਨਹੀਂ। ਉਹਦੀਆਂ ਕਹਾਣੀਆਂ 'ਚ ਗੱਲ ਸਮਝਾਉਣ ਵਾਲਾ ਅੰਤਲਾ ਹਿੱਸਾ ਜਿਹੜਾ ਹੁੰਦਾ ਸੀ, ਮੈਂ ਉਹਦਾ ਮਜ਼ਾਕ ਉਡਾਉਂਦਾ ਹੁੰਦਾ ਸੀ। ਉਹ ਮੈਨੂੰ ਧੀਰ ਦੇ ਗਰੁੱਪ ਦਾ ਕਹਿ ਕੇ ਛੇੜਦਾ ਹੁੰਦਾ ਸੀ।

ਸਆਦਤ ਹਸਨ ਮੰਟੋ ਬਹੁਤ ਵੱਡਾ ਕਹਾਣੀਕਾਰ ਏ। ਉਹਨੇ ਹਲਕੀਆਂ ਕਹਾਣੀਆਂ ਵੀ ਬਹੁਤ ਲਿਖੀਆਂ, ਪਰ ਉਹਦੀ ਉਚਾਈ ਤਕ ਪਹੁੰਚਣ ਵਾਲਾ ਹੋਰ ਭਾਰਤੀ ਕਹਾਣੀਕਾਰ ਮੈਨੂੰ ਨਹੀਂ ਲੱਭਿਆ। ਇਸਤ੍ਰੀਆਂ 'ਚ ਉਹ ਸਭ ਗੁਣ ਔਗੁਣ ਨੇ, ਜਿਹੜੇ ਮਰਦਾਂ 'ਚ ਹੁੰਦੇ ਨੇ। ਇਕ ਤਾਂ ਸਮਾਜਕ ਵਿਵਸਥਾ ਨੇ ਦੋਹਾਂ ਦੇ ਰੋਲ ਵੱਖ-ਵੱਖ ਕਰ ਦਿੱਤੇ ਨੇ ਤੇ ਦੂਜੇ ਇਸਤ੍ਰੀ ਦੀ ਸਰੀਰਕ ਬਣਤਰ ਕਰਕੇ ਬਣੀ ਪ੍ਰਵਿਰਤੀ ਨੇ। ਗਰਭ ਧਾਰਨ ਕਾਰਨ, ਬੱਚਾ ਜੰਮਣਾ, ਪਾਲਣਾ ਤੇ ਫੇਰ ਨਾ ਜੰਮ ਹੋਣ ਦਾ ਦੁੱਖ ਸਹਿਣਾ। ਇਹ ਗੱਲਾਂ ਮਰਦ ਤੋਂ ਵੱਖਰੀਆਂ ਨੇ। ਇਹਨਾਂ ਕਰਕੇ ਹੀ ਮਰਦ ਨੇ ਉਹਨੂੰ ਅਧੀਨ ਕੀਤਾ ਹੋਇਆ ਏ। ਸਿਰਫ ਸਾਡੇ ਸਮਾਜ'ਚੋਂ ਹੀ ਨਹੀਂ, ਦੁਨੀਆਂ ਦੀਆਂ ਸਾਰੀਆਂ ਸੰਸਕ੍ਰਿਤੀਆਂ 'ਚ ਇਵੇਂ ਹੋਇਆ ਏ। ਇਸਤ੍ਰੀ ਮਰਦ ਨਾਲੋਂ ਸਰੀਰ 'ਚ ਕਮਜ਼ੋਰ ਰਹੀ ਏ, ਕਮਜ਼ੋਰ ਹੀ ਰਵ੍ਹੇਗੀ।

ਜਦ ਸਮਾਜ ਦਾ ਸੰਗਠਨ ਹੁੰਦਾ ਏ ਤਾਂ ਬਹੁਤ ਸਾਰੀਆਂ ਵਰਜਣਾਂ ਬਣਾਈਆਂ ਜਾਂਦੀਆਂ ਨੇ। ਉਹਨਾਂ ਦੀ ਜੜ੍ਹ 'ਚ ਹੀ ਉਲੰਘਣਾ ਹੁੰਦੀ ਏ। ਉਲੰਘਣਾ ਕਰਨ ਵਾਲਿਆਂ ਨੂੰ ਦੰਡ ਮਿਲਦਾ ਏ। ਫੇਰ ਵਰਜਣਾਂ ਦੀਆਂ ਸੀਮਾਵਾਂ ਬਦਲਦੀਆਂ ਰਹਿੰਦੀਆਂ ਨੇ। ਇਹ ਸਿਲਸਿਲਾ ਅਨਾਦੀ ਕਾਲ ਤੋਂ ਤੁਰਿਆ ਹੋਇਆ ਏ। ਇਵੇਂ ਤੁਰਦਾ ਰਹਿਣਾ ਏ। ਇਹ ਮਨੁੱਖ ਦੀ ਫਿਤਰਤ ਏ। -ਮਹਾਂਭਾਰਤ ਅਜਿਹੇ ਪ੍ਰਸੰਗਾਂ ਨਾਲ ਭਰਿਆ ਪਿਆ ਗ੍ਰੰਥ ਏ।

ਵਿਰਸਾ ਤਾਂ ਬਹੁਤ ਵਿਸ਼ਾਲ ਹੁੰਦਾ ਏ। ਉਹਦੇ ਵਿੱਚ ਲੋਕ ਕਹਾਣੀਆਂ, ਧਾਰਮਕ ਕਥਾਵਾਂ-ਸਾਰੀਆਂ ਭਾਸ਼ਾਵਾਂ ਦਾ ਸਾਹਿਤ ਸ਼ਾਮਲ ਹੁੰਦਾ ਏ। - ਇਹ ਗੱਲ ਮੈਂ ਕਿਸੇ ਹੋਰ ਸਵਾਲ ਦੇ ਜਵਾਬ 'ਚ ਵੀ ਲਿਖੀ ਏ। - ਮੈਂ ਉਰਦੂ 'ਚ ਲਿਖਣਾ ਚਾਹੁੰਦਾ ਸੀ। ਜੇ ਦੇਸ਼ ਦੀ ਵੰਡ ਨਾ ਹੁੰਦੀ ਤਾਂ ਮੈਂ ਸ਼ਾਇਦ ਉਰਦੂ 'ਚ ਹੀ ਲਿਖਦਾ। ਪਰ ਜਦ ਮੈਂ ਲਿਖਣ ਲੱਗਿਆ ਤਾਂ ਪ੍ਰਗਤੀਸ਼ੀਲ ਸਾਹਿਤ ਲਹਿਰ ਨੇ ਮਾਤ ਭਾਸ਼ਾ ਦਾ ਪਿਆਰ ਜਗਾਇਆ। ਮੈਨੂੰ ਵੀ ਲੱਗਿਆ ਕਿ ਆਪਣੀ ਭਾਸ਼ਾ 'ਚ ਹੀ ਹਰ ਕਿਸਮ ਦੀ ਗੱਲ ਠੀਕ ਤਰ੍ਹਾਂ ਕਹੀ ਜਾ ਸਕਦੀ ਏ। ਫੇਰ ਪੰਜਾਬੀ ਭਾਸ਼ਾ ਦੀ ਜ਼ਬਰਦਸਤ ਸ਼ਕਤੀ ਦਾ ਪਤਾ ਲੱਗਿਆ। ਪੰਜਾਬੀ ਨਾਲ ਮੋਹ ਉਦੋਂ ਢੈਲਾ ਵੀ ਹੋਇਆ, ਜਦ ਅਹਿਸਾਸ ਹੋਇਆ ਕਿ ਏਨੀ ਉਮਰ ਤਕ ਕਹਾਣੀਆਂ ਲਿਖ ਕੇ ਵੀ ਏਸ ਤੋਂ ਮੈਨੂੰ ਚਾਹ ਨਹੀਂ ਮਿਲਣ ਲੱਗੀ। ਫੇਰ ਇਹ ਦੁੱਖ ਘਟ ਗਿਆ। ਹੁਣ ਨਾਸ਼ਤਾ ਮਿਲ ਜਾਂਦਾ ਏ।

ਜਦ ਬੰਦਾ ਤੀਹ ਸਾਲ ਕਿਸੇ ਦੇ ਨਾਲ ਰਹਿੰਦਾ ਏ ਤਾਂ ਉਹਨੂੰ ਪਤਾ ਹੀ ਨਹੀਂ ਲੱਗਦਾ ਕਿ ਬੰਦਾ ਦਿਨੋ ਦਿਨ ਕਿਵੇਂ ਬਦਲਦਾ ਗਿਆ ਹੁੰਦਾ ਏ। ਦੋਵੇਂ ਬਦਲਦੇ ਇਕ ਦੂਜੇ ਨੂੰ ਜਾਣਦੇ ਅਣਜਾਣ ਵੀ ਬਣਦੇ ਰਹਿੰਦੇ ਨੇ। —ਇਹ ਵੇ ਬੰਦੇ ਦੀ ਦਾਸਤਾਂ। ਤੂੰ ਸਾਹਿਤ 'ਚੋਂ ਮੇਰਾ ਅਕਸ ਲੱਭਦੈਂ - ਜਿਥੇ ਹਜ਼ਾਰਾਂ ਮਿਲਾਵਟਾਂ ਨਾਲ ਨਿੱਕਾ ਜਿਹਾ ਪਾਤਰ ਉੱਸਰਦਾ ਏ।

ਮੈਂ ਸਾਰੇ ਸਾਹਿਤਕਾਰਾਂ ਦੇ ਰੋਲ ਦੀ ਗੱਲ ਨਹੀਂ ਦੱਸ ਸਕਦਾ। ਬਹੁਤੇ ਸਾਹਿਤਕਾਰਾਂ ਦੇ ਰੋਲ ਵੱਖ-ਵੱਖ ਹੋਣਗੇ। ਪਰ ਮੇਰੇ ਸਾਹਿਤ ਦਾ ਰੋਲ ਬਹੁਤ ਸੀਮਤ ਲੱਗਦਾ ਏ। ਮੇਰਾ ਮਨੋਰਥ ਤਾਂ ਜੀਵਨ ਦੇ ਸੱਚ ਦੇ ਭੇਤ ਲੱਭਣਾ ਤੇ ਸਮਝਣਾ ਹੀ ਏ।

ਇਹ ਕਿੰਨੀ ਮੋਟੀ ਗੱਲ ਏ ਕਿ ਸਾਰੇ ਸਾਹਿਤ ਨੂੰ ਇਕ ਇਕਾਈ ਮੰਨ ਲਿਆ ਜਾਂਦਾ ਏ। -ਜਦ ਕਿ ਸਾਹਿਤ ਵੱਖ -ਵੱਖ ਮਨੋਰਥਾਂ ਲਈ ਲਿਖਿਆ ਜਾਂਦਾ ਏ। ਹਰੇਕ ਕਿਸਮ ਦਾ ਸਾਹਿਤ ਆਪਣਾ ਮਨੋਰਥ ਪੂਰਾ ਕਰਨ ਦੇ ਜਤਨ ਕਰਦਾ ਏ। - ਤੈਨੂੰ ਪਤਾ ਏ ਕਿ ਸਾਹਿਤ ਤਾਂ ਨਫਰਤ ਵੀ ਫੈਲਾਉਂਦਾ ਏ। ਦੋ ਧਰਮਾਂ ਦੇ ਲੋਕਾਂ ਵਿਚਕਾਰ ਦੰਗੇ ਫਸਾਦ ਵੀ ਕਰਵਾਉਂਦਾ ਏ। ਦੂਜੇ ਦ੍ਰਿਸ਼ਟੀਕੋਣ ਦੇ ਲੋਕਾਂ ਨੂੰ ਕਤਲ ਕਰਨ ਲਈ ਵੀ ਉਕਸਾਉਂਦਾ ਏ। - ਇਕ ਸਾਹਿਤ ਇੰਜ ਕਰਨ ਤੋਂ ਰੋਕਦਾ ਵੀ ਏ। ਵਰਜਦਾ ਏ। ਪਰ ਇਹ ਸਾਰਾ ਸਾਹਿਤ ਥੋੜ੍ਹੇ ਚਿਰ ਰਹਿਣ ਵਾਲਾ ਹੁੰਦਾ ਏ। ਕਿਉਂਕਿ ਇਹਦੇ 'ਚ ਸਦੀਵੀ ਕਦਰਾਂ ਨਹੀਂ ਹੁੰਦੀਆਂ।

ਇਹ ਗੱਲ ਮੈਂ ਕਈ ਵਾਰੀ ਦੱਸੀ ਏ ਕਿ ਮੈਂ ਪ੍ਰੇਮ ਕਹਾਣੀਆਂ ਨਹੀਂ ਲਿਖਦਾ। ਅਸਲ 'ਚ ਪ੍ਰੇਮ ਸ਼ਬਦ ਦੀ ਵਰਤੋਂ ਜਿਹੜੀ ਪਰੰਪਰਾਗਤ ਅਰਥਾਂ 'ਚ ਹੋਈ ਏ ਉਹਦੇ ਅਨੁਸਾਰ ਸਾਡੇ ਮਨ 'ਚ ਹੀਰ ਰਾਝਾ, ਲੈਲਾ ਮਜਨੂੰ, ਸੱਸੀ ਪੁਨੂੰ ਦੇ ਪਾਤਰ ਆਉਂਦੇ ਨੇ। ਜਿਹੜੇ ਪਿਆਰ 'ਚ ਅੰਨ੍ਹੇ ਹੋਏ ਬਾਰਾਂ ਵਰ੍ਹੇ ਖੂਹ ਗੋੜਦੇ ਜਾਂ ਮੱਝੀਆਂ ਚਾਰਦੇ ਨੇ। ਮੈਂ ਏਸ ਅਵਸਥਾ ਨੂੰ ਪਾਗਲ